# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ ਜਨਵਰੀ, 1996



ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 13 ਸਾਲ ਸੱਤਵਾਂ ਜਨਵਰੀ, 1996



ਤੁਹਾਡੇ ਪੱਤਰ : 2

ਕਰਉ ਬੇਨੰਤੀਆ 3

ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ
ਹਰਜਾਪ ਸਿੰਘ 4

ਨਾਮ ਜਪ (ਕਵਿਤਾ)
ਡਾ. ਗੁਰਦਰਸ਼ਨ ਸਿੰਘ ਬਾਦਲ 9

ਸਿੱਖੀ ਵਿਚ ਅਰਦਾਸ ਦਾ ਮਹੱਤਵ
ਡਾ. ਜਸਵੰਤ ਸਿੰਘ ਨੇਕੀ 11

ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ
ਹਰਿੰਦਰਪਾਲ ਸਿੰਘ 13

ਸਾਡੇ ਕੀਰਤਨੀਏ
ਪ੍ਰੋ. ਮੰਗਤ ਸਿੰਘ ਮਸ-ਾਨਾ 18

ਜੀਵਨ ਕਥਾ ਪੰਡਤ ਨੱਥੂ ਰਾਮ
ਗਿਆਨੀ ਜੋਗਿੰਦਰ ਸਿੰਘ 19

ਰਾਗ ਬਸੰਤ (ਸੁਰਲਿਪੀ)
ਪ੍ਰਿੰਸੀਪਲ ਦਿਆਲ ਸਿੰਘ 22

ਕੀਰਤਨ - ਪ੍ਰੋਗਰਾਮ 24



ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।


*


'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।



ਸਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ, ਪੀ.ਐਚ.ਡੀ.

*

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡ. ਕਰਨੈਨ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ੍ਰ. ਹਰਿਭਜਨ ਸਿੰਘ ਚੋਪੜਾ (ਬਰ੍ਹਮਾ)

ਪ੍ਰੋ. ਸਤਵਿੰਦਰ ਸਿੰਘ

*

ਚਿੱਤਰਕਾਰ

ਗੁਰਦੀਪ ਸਿੰਘ ਦੀਪ



ਚੰਦ ਦਾ ਵੇਰਵਾ :

ਇਕ ਕਾਪੀ 10/-

ਸਲਾਨਾ 100/-

ਜੀਵਨ ਮੈਂਬਰ 1000/-

ਵਿਦੇਸ਼ ਸਲਾਨਾ 500/-

ਜੀਵਨ ਮੈਂਬਰ 5000/-



ਚਿੱਠੀ ਪੱਤਰ ਲਈ ਪਤਾ :

ਅੰਮ੍ਰਿਤ ਕੀਰਤਨ ਟ੍ਰਸਟ ਰਜਿ.

422, ਸੈਕਟਰ 15-ਏ

ਚੰਡੀਗੜ੍ਹ-160015

ਫੋਨ : 772660

45452


*

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਅਰਦਾਸ ਬਾਰੇ

ਪ੍ਰੀਤਮ ਸਿੰਘ ਸੋਢੀ

"ਅੰਮ੍ਰਿਤ ਕੀਰਤਨ" ਦੇ ਅਗਸਤ, ਸਤੰਬਰ ਅਤੇ ਅਕਤੂਬਰ, 95 ਦੇ ਅੰਕਾਂ ਵਿਚ 'ਅਰਦਾਸ' ਸਬੰਧੀ ਤਿੰਨ ਲੇਖ ਪੜ੍ਹੇ ਹਨ। ਮਨ ਨੂੰ ਧਰਵਾਸ ਜਿਹਾ ਆਇਆ ਹੈ, ਹਿਰਦਾ ਅਰਦਾਸ ਵਿਚ ਝੁਕਿਆ ਹੈ ਅਤੇ ਆਤਮਾ ਵੀ ਕੁਝ ਸ਼ੁਧ ਹੋਈ ਹੈ। ਤਿੰਨੇ ਲੇਖ ਮਿਆਰੀ ਅਤੇ ਪ੍ਰਸ਼ੰਸਾ ਯੋਗ ਹਨ।

ਅਗਸਤ ਅੰਕ ਦੇ ਪੰਨਾ 2 ਦੇ ਹੇਠਾਂ ਜਿਹੇ ਡਾ: ਨੈਕੀ ਜੀ ਨੇ ਫਾਰਸੀ ਵਿਚ ਅਰਦਾਸ ਦੇ ਅਰਥ ਦਸਦਿਆਂ ਲਿਖਿਆ ਹੈ ਕਿ ਦਾਸਤਾਨ ਦੇ ਅਰਥ ਹਨ ਰਖਣਾ ਜਾਂ ਪੇਸ਼ ਕਰਨਾ। ਦਾਸਤਾਨ ਤਾਂ ਕਹਾਣੀ ਜਾਂ ਵਾਰਤਾ ਹੁੰਦੀ ਹੈ। ਫਾਰਸੀ ਭਾਸ਼ਾ ਦਾ ਸ਼ਬਦ 'ਦਾਸ਼ਤਨ' ਹੈ ਜਿਸ ਦੇ ਅਰਥ ਹਨ ਰਖਣਾ ਜਾਂ ਪੇਸ਼ ਕਰਨਾ। (ਇਥੇ ਪੁਸਤਕ ਵਿਚ ਡਾ: ਨੈਕੀ ਹੋਰਾਂ ਠੀਕ ਲਿਖਿਆ ਹੈ। ਗਲਤੀ ਸਾਡੀ ਹੈ ਖਿਮਾ ਕਰਨਾ—ਸੰਪਾਦਕ)

"ਅਰਦਾਸ ਦੀ ਸ਼ਕਤੀ" ਸਬੰਧੀ ਇਕ ਲੇਖ ਮਾਸਕ "ਸੀਸ ਗੰਜ" ਦੇ ਫਰਵਰੀ, 1972 ਦੇ ਅੰਕ ਵਿਚ ਛਪਿਆ ਸੀ। ਉਸ ਦੇ ਕੁਝ ਅੰਸ਼ ਵੀ ਆਪਣੇ ਪਾਠਕਾਂ ਨਾਲ ਸਾਂਝੇ ਕਰਨ ਦੀ ਇਜਾਜ਼ਤ ਚਾਹਵਾਂਗਾ। ਲਿਖਿਆ ਹੈ—ਅਰਦਾਸ ਕਰਨ ਵਿਚ ਇਕ ਖਾਸ ਸ਼ਕਤੀ ਹੈ। ਜਦੋਂ ਜਗਿਆਸੂ ਦੋਵੇਂ ਹੱਥ ਜੋੜਕੇ, ਗਲ ਵਿਚ ਪਲੂ ਪਾ ਕੇ, ਅੱਖਾਂ ਮੀਟ ਕੇ ਤੇ ਆਪਣੇ ਮਨ ਨੂੰ ਸਾਫ ਅਤੇ ਸ਼ੁਧ ਬਣਾ ਕੇ, ਆਪਣੇ ਪ੍ਰਭੂ ਅੱਗੇ ਅਰਦਾਸ ਕਰਦਾ ਹੈ, ਤਾਂ ਨਾ ਸਿਰਫ ਇਸ ਢੰਗ ਨਾਲ ਕੀਤੀ ਹੋਈ ਇਹ ਅਰਦਾਸ ਹੀ ਹਰੀ ਦੇ ਦਰਬਾਰ ਵਿਚ ਕਬੂਲ ਹੋ ਜਾਂਦੀ ਹੈ, ਸਗੋਂ ਅਜਿਹੀ ਅਰਦਾਸ ਕਰਨ ਨਾਲ, ਜਗਿਆਸੂ ਨੂੰ ਇਕ ਅਜੀਬ ਕਿਸਮ ਦੀ ਸੱਤਾ ਪ੍ਰਾਪਤ ਹੋ ਜਾਂਦੀ ਹੈ। ਇਸ ਲਈ ਹਰ ਮਨੁੱਖ ਨੂੰ ਅਰਦਾਸ ਕਰਨੀ ਚਾਹੀਦੀ ਹੈ। ਪ੍ਰੀਤਮ ਨੂੰ ਰੀਝਾਣ ਲਈ ਇਹ ਸਭ ਤੋਂ ਪਹਿਲੀ ਪੌੜੀ ਹੈ। ਜਿਸ ਨੂੰ ਅਰਦਾਸ ਕਰਨੀ ਨਹੀਂ ਆਉਂਦੀ ਜਾਂ ਜਿਸ ਨੇ ਕਦੇ ਅਰਦਾਸ ਕੀਤੀ ਹੀ ਨਹੀਂ, ਉਹ ਇਲਾਹੀ ਰੰਗ ਦੇ ਸੁਆਦ ਨੂੰ ਹਰਗਿਜ਼ ਨਹੀਂ ਮਾਣ ਸਕਦਾ।

ਹੱਥ ਜੋੜਨ, ਗਲ ਵਿਚ ਪੱਲਾ ਪਾਉਣ, ਸਿਰ ਨੀਵਾਂ ਕਰਨ ਤੇ ਝੋਲੀ ਅੱਡ ਕੇ ਖੜੇ ਹੋਣ ਵਾਲੀ ਪੁਜ਼ੀਸ਼ਨ ਵਿਚ ਇਕ ਖਾਸ ਮਨੁੱਖੀ ਭੇਦ (Psychological secret) ਛੁਪਿਆ ਹੋਇਆ ਹੈ। ਕਦੀ ਅਜ਼ਮਾ ਕੇ ਦੇਖ ਲਵੋ, ਜਦੋਂ ਦਿਲ ਚਾਹੇ ਤਜਰਬਾ ਕਰ ਲੈਣਾ। ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਅਰਦਾਸ ਕੇਵਲ ਅਕਾਲ ਪੁਰਖ ਅੱਗੇ ਹੀ ਹੋ ਸਕਦੀ ਹੈ।

ਸਰਬ ਸ਼ਕਤੀਮਾਨ ਪਰਮਾਤਮਾ ਅੱਗੇ ਕੀਤੀ ਹੋਈ ਅਰਦਾਸ ਕਦੇ ਬੇਅਰਥ ਨਹੀਂ ਜਾਂਦੀ। ਵਡੀਆਂ-ਵਡੀਆਂ ਨਿਆਮਤਾਂ ਅਰਦਾਸ ਨਾਲ ਹੀ ਪ੍ਰਾਪਤ ਹੁੰਦੀਆਂ ਹਨ। ਅਰਦਾਸ ਮਹਾਨ ਸ਼ਕਤੀ ਹੈ।"

## ਅਰਦਾਸ ਬਾਰੇ ਕੁਝ ਹੋਰ ਵਿਚਾਰ

ਵਰਤਮਾਨ ਪ੍ਰਚਲਤ ਸਿੱਖ ਅਰਦਾਸ 1947 ਦੀ ਦੇਸ਼ ਵੰਡ ਤੋਂ ਬਾਅਦ ਮੁਢਲੀ ਅਰਦਾਸ ਵਿਚ (ਪਾਕਿਸਤਾਨ ਵਿਚ ਰਹਿ ਗਏ ਗੁਰਦਵਾਰਿਆਂ ਦੇ ਵਿਛੋੜੇ, ਉਹਨਾਂ ਦੀ ਸੇਵਾ ਸੰਭਾਲ ਅਤੇ ਨਵੇਂ ਸ਼ਹੀਦਾਂ ਪ੍ਰਤੀ ਸ਼ਰਧਾਂਜਲੀ ਵਜੋਂ) ਕੁਝ ਤਬਦੀਲੀਆਂ ਕਰਕੇ ਤਿਆਰ ਕੀਤੀ ਗਈ ਹੈ। ਸਭ ਤੋਂ ਪਹਿਲਾਂ ਅਰਦਾਸ ਕਿਸ ਨੇ, ਕਦੋਂ ਅਤੇ ਕਿੱਥੇ ਤਿਆਰ ਕੀਤੀ? ਇਹ ਪ੍ਰਵਾਨਤ ਅਰਦਾਸ ਸਭ ਤੋਂ ਪਹਿਲਾਂ ਕਿਥੇ, ਕਦੋਂ ਅਤੇ ਕਿਹੜੇ ਸਿੱਖ ਸ਼ਰਧਾਲੂਆਂ ਨੇ ਕੀਤੀ?

ਅਰਦਾਸ ਦੇ ਪਾਵਨ ਸ਼ਬਦ ਹਨ "ਦਸ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ"। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਤਾਂ ਭਗਤ ਕਬੀਰ, ਭਗਤ ਰਵੀਦਾਸ ਅਤੇ ਸ਼ੇਖ ਫਰੀਦ ਵਰਗੇ ਹੋਰ ਕਈ ਰੱਬ ਦੇ ਪਿਆਰੇ ਪਰਮ ਮਨੁਖਾਂ ਦੀ ਬਾਣੀ ਵੀ ਦਰਜ ਹੈ। ਅਰਦਾਸ ਵਿਚ ਦਸ ਪਾਤਸ਼ਾਹੀਆਂ ਦੀ ਜੋਤ ਨਾਲ ਇਹਨਾਂ ਦੀ ਜੋਤ ਦਾ ਕੋਈ ਜ਼ਿਕਰ ਕਿਉਂ ਨਹੀਂ?

ਦਾਸ ਅਰਦਾਸ ਦੀ ਸ਼ਕਤੀ ਦਾ ਕਾਇਲ ਸ਼ਰਧਾਲੂ ਹੈ। ਪਰ ਜਦੋਂ ਦੇਸ਼ ਤੇ ਬਾਬਰ ਦੇ ਹਮਲੇ, ਨੀਲਾ ਤਾਰਾ ਅਪਰੇਸ਼ਨ, 1984 ਦੇ ਦਿੱਲੀ ਦੇ ਦੰਗੇ ਪੰਜਾਬ ਵਿਚ ਪਿਛਲੇ ਦਸ ਸਾਲਾਂ ਦਾ ਦਹਿਸ਼ਤਵਾਦ ਵਰਗੇ ਘਲੂਘਾਰਿਆਂ

(ਬਾਕੀ ਦੇਖੋ ਸਫਾ 10 ਉਤੇ)

# ਕੇਰਤੂ ਪੰਕਤੀਆਂ...

ਸਿੱਖ ਜਗਤ ਵਿਚ 1999 ਦੇ ਸਾਲ ਨੂੰ ਬੜੀ ਮਹਤਤਾ ਦਿਤੀ ਜਾ ਰਹੀ। ਇਸ ਦਿਨ ਖਾਲਸਾ ਪੰਥ ਦੀ ਸਾਜਨਾ ਨੂੰ 300 ਸਾਲ ਪੂਰੇ ਹੋ ਜਾਣਗੇ। ਸਿਖ ਆਪਣੇ ਆਪ ਬਾਰੇ ਪੁਨਰ ਵਿਚਾਰ ਕਰਕੇ ਆਪਣੀ ਪਰੰਪਰਾ ਸਬੰਧੀ ਗੰਭੀਰ ਹੋ ਰਹੇ ਹਨ। ਵਖ-ਵਖ ਸੰਸਥਾਵਾਂ ਵਲੋਂ ਇਸ ਨਾਲ ਸਬੰਧਤ ਜੋ ਪ੍ਰੋਗਰਾਮ ਅਜੇ ਤਕ ਪੜ੍ਹਨ ਸੁਣਨ ਵਿਚ ਆ ਰਹੇ ਹਨ ਉਹਨਾਂ ਦਾ ਸਬੰਧ ਬਹੁਤਾ ਰਾਜਸੀ ਅਤੇ ਬਾਹਰੀ ਦਿਖ ਨਾਲ ਹੀ ਹੈ। ਸਿਖ ਸਭਿਆਚਾਰ ਦੇ ਜ਼ਰੂਰੀ ਅੰਗ ਸਿਖ ਸਾਹਿਤ ਅਤੇ ਕਲਾ ਬਾਰੇ ਬਹੁਤੀ ਚੇਤਨਤਾ ਅਜ ਪ੍ਰਗਟ ਹੋ ਰਹੀ ਨਹੀਂ ਜਾਪਦੀ।

'ਕੀਰਤਨ' ਸਿਖ ਸਮਾਜ ਦਾ ਜਿਥੇ ਇਕ ਅਧਿਆਤ-ਮਕ ਅੰਗ ਹੈ ਉਥੇ ਇਹ ਸਿਖ ਕਲਾ ਦਾ ਵੀ ਇਕ ਅਹਿਮ ਹਿਸਾ ਹੈ। ਇਸ ਬਾਰੇ ਬਹੁਤ ਥੋੜਾ ਸਾਹਿਤ ਲਿਖਿਤ ਰੂਪ ਮਿਲਦਾ ਹੈ। ਕੁਝ ਕੁ ਸੰਸਥਾਵਾਂ ਕੀਰਤਨ ਨੂੰ ਗੁਰਮਤ ਸੰਗੀਤ ਦਾ ਨਾਂ ਦੇ ਕੇ ਅਕਾਦਮਿਕ ਪਧਰ ਤੇ ਇਸ ਨੂੰ ਵਿਸ਼ੇ ਵਜੋਂ ਲਾਗੂ ਕਰਵਾਉਣ ਵਿਚ ਸਫ਼ਲ ਹੋਈਆਂ ਹਨ ਪਰ ਖੇਤਰ ਵਿਚੋਂ ਇਸ ਵਿਸ਼ੇ ਨੂੰ ਯੋਗ ਹੁੰਗਾਰਾ ਨਹੀਂ ਮਿਲ ਰਿਹਾ।

ਕੀਰਤਨ ਦੇ ਕਲਾਸੀਕਲ ਰੂਪ ਨੂੰ ਵੀ ਸਾਂਭਣ ਦੇ ਜਤਨ ਸਿਖ ਸੰਸਥਾਵਾਂ ਵਲੋਂ ਨਹੀਂ ਹੋ ਰਹੇ। ਕੁਝ ਦਹਾਕੇ ਪਹਿਲਾਂ ਚੀਫ ਖਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੋ ਕੀਰਤਨ ਦਰਬਾਰ ਹੁੰਦੇ ਸਨ ਉਹਨਾਂ ਵਿਚ ਕਲਾਸੀਕਲ ਕੀਰਤਨ ਦਾ ਵਿਸ਼ੇਸ਼ ਸਥਾਨ ਹੁੰਦਾ ਸੀ। ਪਰ ਹੁਣ ਇਹ ਕੀਰਤਨ ਦਰਬਾਰ ਵੀ ਕੰਨ ਰਸ ਤਕ ਸੀਮਤ ਹੋ ਕੇ ਰਹਿ ਗਏ ਹਨ।

ਦਰਬਾਰ ਸਾਹਿਬ ਤੋਂ ਰੇਡੀਓ ਪ੍ਰਸਾਰਨ ਕੀਰਤਨ ਦੇ ਮਿਆਰ ਨੂੰ ਉੱਚਾ ਚੁਕਣ ਲਈ ਬੜਾ ਸਾਰਥਕ ਹੋ ਸਕਦਾ ਸੀ। ਪਰ ਅਜੇ ਤਕ ਇਸ ਦੇ ਯੋਗ ਨਤੀਜੇ ਸਾਹਮਣੇ ਨਹੀਂ ਆ ਰਹੇ। ਕੀਰਤਨੀਆਂ ਨੇ ਇਸ ਪ੍ਰਸਾਰਨ ਦੀ ਮਹਤਤਾ ਨੂੰ ਪਛਾਣਿਆ ਨਹੀਂ। ਉਹ ਇਸ ਪ੍ਰਸਾਰਨ ਵਿਚ ਮਿਆਰੀ ਕੀਰਤਨ ਸ਼ੈਲੀ ਦਾ ਪ੍ਰਯੋਗ ਨਹੀਂ ਕਰਦੇ। ਇਸ ਕੀਰਤਨ ਵਿਚ ਫਿਲਮੀ ਤਰਜ਼ਾਂ ਜਾਂ ਪ੍ਰਚਲਤ ਗ਼ਜ਼ਲ ਗਾਇਕੀ ਦੀ ਤਾਂ ਝਲਕ ਵੀ ਨਹੀਂ ਆਉਣੀ ਚਾਹੀਦੀ। ਇਹ ਸਥਾਨ ਤਾਂ ਐਸਾ ਹੋਣਾ ਚਾਹੀਦਾ ਜਿਥੇ ਸ਼ੁਧ ਗੁਰਬਾਣੀ ਦੇ ਪਾਠ ਦੇ ਨਾਲ ਸ਼ੁਧ ਸਿਖ ਕੀਰਤਨ ਸ਼ੈਲੀ ਦਾ ਗਾਇਨ ਹੋਣਾ ਚਾਹੀਦਾ ਹੈ।

ਪਿਛੇ ਜਿਹੇ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਤਨਾਂ ਸਦਕਾ ਦੂਰਦਰਸ਼ਨ ਨੇ ਗੁਰਦੁਆਰਾ ਰਕਾਬਗੰਜ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਸਬੰਧ ਵਿਚ ਦੋ ਘੰਟੇ ਦਾ ਸਿਧਾ ਪ੍ਰਸਾਰਣ ਕੀਤਾ। ਇਸ ਵਿਚ ਜਿਹੜਾ ਕੀਰਤਨ ਪੇਸ਼ ਹੋਇਆ ਉਹ ਕਾਫੀ ਹਦ ਤਕ ਮਿਆਰੀ ਪਧਰ ਦਾ ਸੀ। ਇਸ ਬਾਰੇ ਸਾਨੂੰ ਕੁਝ ਪੱਤਰ ਵੀ ਪ੍ਰਾਪਤ ਹੋਏ ਹਨ। ਸ: ਤੀਰਥ ਸਿੰਘ ਸਹਾਰਨ ਪੁਰ ਵਾਲਿਆਂ ਨੇ ਇਸ ਪ੍ਰੋਗਰਾਮ ਦੀ ਪ੍ਰਸ਼ੰਸਾ ਕਰਦਿਆਂ ਜਿਥੇ ਬਾਕੀ ਰਾਗੀ ਜਥਿਆਂ ਦੇ ਕੀਰਤਨ ਦੀ ਸ਼ਲਾਘਾ ਕੀਤੀ ਉਥੇ ਨਾਮਧਾਰੀ ਵੀਰਾਂ ਵਲੋਂ ਤੰਤੀ ਸਾਜ਼ਾਂ ਉਪਰ ਕੀਤੇ ਕੀਰਤਨ ਨੂੰ ਵਿਸ਼ੇਸ਼ ਤੌਰ ਤੇ ਸਲਾਹਿਆ ਹੈ। ਜਲੰਧਰ ਦੂਰਦਰਸ਼ਨ ਨੂੰ ਵੀ ਅਜਿਹੇ ਪ੍ਰੋਗਰਾਮ ਪੇਸ਼ ਕਰਨੇ ਚਾਹੀਦੇ ਹਨ। ਪੰਜਾਬ ਵਿਚ ਕੀਰਤਨ ਦਰਬਾਰ ਅਤੇ ਗੁਰਮਤ ਸਮਾਗਮ ਤਾਂ ਹੁੰਦੇ ਹੀ ਰਹਿੰਦੇ ਹਨ।

ਜਲੰਧਰ ਰੇਡੀਓ ਤੋਂ ਗੁਰਬਾਣੀ ਦੇ ਨਿਰਧਾਰਤ ਰਾਗਾਂ ਵਿਚ ਸ਼ਬਦ-ਗਾਇਨ ਪ੍ਰੋਗਰਾਮ ਹੁੰਦੇ ਹੀ ਰਹਿੰਦੇ ਹਨ। ਸਰੋਤਿਆਂ ਨੂੰ ਇਹ ਪ੍ਰੋਗਰਾਮ ਸਰਵਣ ਕਰਕੇ ਇਸ ਬਾਰੇ ਸੁਝਾਅ ਭੇਜਣੇ ਚਾਹੀਦੇ ਹਨ ਅਤੇ ਬਣਦੀ ਪ੍ਰਸੰਸਾ ਵੀ ਕਰਨੀ ਚਾਹੀਦੀ ਹੈ।

ਦਾਸ

[ਲੜੀ ਜੋੜਨ ਲਈ ਦੇਖੋ ਪਿਛਲਾ ਅੰਕ]

ਭਾਈ ਸੰਤਾ ਸਿੰਘ ਜੀ ਤੋਂ ਥੋੜ੍ਹੀ ਦੇਰ ਬਾਅਦ ਹੀ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਜੀ ਦੇ ਰਾਗੀ ਜਥੇ ਨੂੰ ਦਿਲੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋਂ ਪੇਸ਼ਕਸ਼ ਪ੍ਰਾਪਤ ਹੋਈ। ਦੋ ਚਿੱਤੇ ਮਨ ਨਾਲ ਹੀ ਭਾਈ ਸਾਹਿਬ ਨੇ ਇਹ ਸੇਵਾ ਪ੍ਰਵਾਨ ਕੀਤੀ। ਪਰ 35 ਵਰ੍ਹਿਆਂ ਤੋਂ ਵਧ ਅਰਸੇ ਤਕ ਉਹਨਾਂ ਦਾ ਸਬੰਧ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਬਾਦਤੂਸਰ ਜਾਰੀ ਰਿਹਾ। ਵੈਸੇ ਤਾਂ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਨਜ਼ਰਾਂ ਵਿਚ ਕੋਈ ਹੈੱਡ ਰਾਗੀ ਨਹੀਂ ਹੁੰਦਾ ਅਤੇ ਨਾ ਕੋਈ ਹੋਰ ਰਾਗੀ, ਪਰ ਹਕੀਕਤ ਇਹ ਹੈ ਕਿ ਭਾਈ ਸੰਤਾ ਸਿੰਘ ਜੀ ਦੇ ਜਥੇ ਨੂੰ ਹੈੱਡ ਰਾਗੀ ਜਥੇ ਵਾਲਾ

### ਧਰੁਪਦ ਸ਼ੈਲੀ ਦੇ ਕੀਰਤਨੀਏ

# ਭਾਈ ਅਵਤਾਰ ਸਿੰਘ
# ਭਾਈ ਗੁਰਚਰਨ ਸਿੰਘ

ਹਰਜਾਪ ਸਿੰਘ

ਸਨਮਾਨ ਦਿਤਾ ਜਾਂਦਾ ਸੀ। ਇਸੇ ਹੀ ਤਰ੍ਹਾਂ 1966 ਵਿਚ ਭਾਈ ਸੰਤਾ ਸਿੰਘ ਜੀ ਦੇ ਸਵਰਗਵਾਸ ਹੋਣ ਤਕ ਜਾਰੀ ਰਿਹਾ ਭਾਈ ਸੰਤਾ ਸਿੰਘ ਜੀ ਤੋਂ ਬਾਅਦ ਸੇਵਾ ਮੁਕਤ ਹੋਣ ਦੇ ਸਮੇਂ ਤਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੀ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸ਼ਰੋਮਣੀ ਰਾਗੀ ਜਥੇ ਦੇ ਸਨਮਾਨਾਂ ਦੇ ਦਾਅਵੇਦਾਰ ਰਹੇ। ਅਜੇ ਵੀ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਾਲੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੇ ਰਾਗੀ ਜਥੇ ਨੂੰ ਹੱਥੀ ਛਾਵਾਂ ਕਰਦੇ ਹਨ।

ਦਿੱਲੀ ਆਣ ਕੇ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਨੇ ਆਪਣੇ ਭਤੀਜੇ ਭਾਈ ਸਵਰਨ ਸਿੰਘ ਨੂੰ ਸੈਦਪੁਰ ਤੋਂ ਮੰਗਵਾਇਆ। ਭਾਈ ਸਵਰਨ ਸਿੰਘ ਉਮਰ ਵਿੱਚ ਭਾਈ ਅਵਤਾਰ ਸਿੰਘ ਹੋਰਾਂ ਤੋਂ ਵੀ ਦਸ ਵਰ੍ਹੇ ਛੋਟੇ ਹਨ। ਤਬਲੇ ਉੱਪਰ ਔਖੀਆਂ ਤੋਂ ਔਖੀਆਂ ਤਾਲਾਂ ਭਾਈ ਸਵਰਨ ਸਿੰਘ ਨੂੰ ਭਾਈ ਗੁਰਚਰਨ ਸਿੰਘ ਹੋਰਾਂ ਨੇ ਖੁਦ ਹਰ ਰੋਜ਼ ਕਈ ਘੰਟੇ ਤਾਲੀਮ ਦੇ ਕੇ ਸਿਖਾਈਆਂ। ਹਰ ਨਵੀਂ ਤਾਲ ਨੂੰ ਸਿੱਖਣ ਉਪਰੰਤ ਕਈ ਕਈ ਘੰਟਿਆਂ ਤੱਕ ਹਰ ਰੋਜ਼ ਉਸ ਤਾਲ ਦਾ ਰਿਆਜ਼ ਭਾਈ ਸਵਰਨ ਸਿੰਘ ਤਨਹਾਈ ਵਿੱਚ ਬੈਠ ਕੇ ਕਰਿਆ ਕਰਦੇ ਸਨ ਮੱਠੀ ਤੋਂ ਮੱਠੀ ਲੈਅ ਅਤੇ ਤੀਬਰ ਤੋਂ ਤੀਬਰ ਲੈਅ ਵਿੱਚ ਤਬਲਾ ਵਾਦਨ ਕਰਨਾ ਬੜੇ ਰਿਆਜ਼ ਦਾ ਕੰਮ ਹੈ। ਅਜਿਹੀ ਲਗਨ ਭਾਈ ਸਵਰਨ ਸਿੰਘ ਵਿੱਚ ਅੱਜ ਤੱਕ ਮੌਜੂਦ ਹੈ।

ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਅਤੇ ਸਵਰਨ ਸਿੰਘ ਦਾ ਜਥਾ ਇੱਕ ਸੰਪੂਰਨ ਜਥਾ ਹੈ। ਇਸ ਜਥੇ ਨੂੰ ਬਾਣੀ ਵੀ ਚੋਖੀ ਕੰਠ ਹੈ, ਆਵਾਜ਼ ਵਿੱਚ ਮਿਠਾਸ ਵੀ ਬੜੀ ਹੈ, ਰਿਆਜ਼ ਵਿੱਚ ਪੁਖ਼ਤਗੀ ਹੈ ਅਤੇ ਸੁਰ ਅਤੇ ਤਾਲ ਦੋਹਾਂ ਵਿੱਚ ਪਰਪੱਕਤਾ ਅਤੇ ਸੁਮੇਲ ਹੈ। ਰੇਡੀਓ ਆਰਟਿਸਟ ਭਾਈ ਸਾਹਿਬ 1949 ਤੋਂ ਹੀ ਚਲੇ ਆ ਰਹੇ ਹਨ। ਦਿੱਲੀ ਆਣ ਕੇ ਆਪਨੇ ਆਕਾਸ਼ਵਾਣੀ ਦਿੱਲੀ ਤੋਂ ਸ਼ਬਦ ਗਾਇਨ ਕਰਨਾ ਸ਼ੁਰੂ ਕਰ ਦਿੱਤਾ। ਸਰੰਦੇ ਅਤੇ ਤਾਊਸ ਤਾਂ ਆਪਨੇ ਚਾਲ੍ਹੀਵਿਆਂ ਵਿੱਚ ਹੀ ਤਰਕ ਕਰ ਦਿਤੇ ਸਨ। ਇਹਨਾਂ ਤੰਤੀ ਸਾਜ਼ਾਂ ਦੀ ਥਾਂ ਤੇ ਆਪ ਨੇ ਹਰਮੋਨੀਅਮ ਨੂੰ ਅਪਣਾ ਲਿਆ ਸੀ। ਪਰ ਡਾਕਟਰ ਬੀ. ਵੀ. ਕੇਸਕਰ ਦੇ ਬਤੌਰ ਸੂਚਨਾ ਅਤੇ ਨਸ਼ਰੀਅਤ ਦੇ ਵਜ਼ੀਰ ਹੋਣ ਦੇ ਕਾਰਜਕਾਲ ਸਮੇਂ ਆਕਾਸ਼ਵਾਣੀ ਤੇ ਹਾਰਮੋਨੀਅਮ ਸਾਜ਼ ਦੇ ਵਜਉਣ ਦੀ ਸਖ਼ਤ ਮਨਾਹੀ ਸੀ। ਹਰਮੋਨੀਅਮ ਦੀ ਥਾਂ ਤੇ ਭਾਈ ਸਾਹਿਬ ਤਾਨਪੁਰਾ ਇਸਤੇਮਾਲ ਕਰਦੇ ਸਨ ਅਤੇ ਤਾਰ ਸ਼ਹਿਨਾਈ (ਦਿਲਰੁਬਾ) ਵਾਲੇ ਆਕਾਸ਼ਵਾਣੀ ਦਿੱਲੀ ਦੇ ਕਲਾਕਾਰ ਸਰਦਾਰ ਪਿਆਰਾ ਸਿੰਘ ਵੀ ਆਪ ਜੀ ਦੇ ਜਥੇ ਦੇ ਨਾਲ ਦਿਲਰੁਬਾ ਵਾਦਨ ਕਰਦੇ ਸਨ। ਸਰਦਾਰ ਪਿਆਰਾ ਸਿੰਘ ਭਾਈ ਸੰਤਾ ਸਿੰਘ ਜੀ ਦੇ ਨਾਲ ਵੀ ਦਿਲਰੁਬਾ ਸਾਜ਼ ਤੇ ਸੰਗਤੀ ਕਰਿਆ ਕਰਦੇ ਸਨ।

1957 ਵਿੱਚ ਆਕਾਸ਼ਵਾਣੀ ਤੋਂ ਹਰਮੋਨੀਅਮ ਵਜਾਉਣ ਦੀ ਖੁਲ੍ਹ ਹੋ ਗਈ। ਅਜਿਹਾ ਹੋਣ ਤੋਂ ਬਾਅਦ ਭਾਈ ਅਵਤਾਰ ਸਿੰਘ ਹੋਰਾਂ, ਜੋ ਲੀਡ ਸਿੰਗਰ ਦੀ ਹਨ ਨੇ ਹਰਮੋਨੀਅਮ ਵਜਾਉਣਾ ਸ਼ੁਰੂ ਕਰ ਦਿੱਤਾ। ਭਾਈ ਗੁਰਚਰਨ ਸਿੰਘ ਗਾਇਨ ਕਰਦੇ ਸਮੇਂ ਤਾਨਪੁਰਾ ਵਜਾਇਆ ਕਰਦੇ ਹਨ, ਭਾਈ ਸਵਰਨ ਸਿੰਘ ਤਬਲਾ ਵਜਾਉਂਦੇ ਹਨ ਅਤੇ ਪਿਆਰਾ ਸਿੰਘ ਕੇਵਲ ਦਿਲਰੁਬਾ ਵਜਾਉਂਦੇ ਸਨ।

1959 ਵਿੱਚ ਸਰਦਾਰ ਦਵਿੰਦਰ ਸਿੰਘ ਆਕਾਸ਼ਵਾਣੀ ਜਲੰਧਰ ਤੋਂ ਇੱਕ ਸਾਲ ਲਗਾ ਕੇ ਦਿੱਲੀ ਆ ਗਏ। ਉਹ ਪੰਜਾਬੀ ਪ੍ਰੋਗਰਾਮ ਦੇ ਸੰਚਾਲਕ ਨਿਯੁਕਤ ਹੋਏ। ਉਹਨਾਂ ਨੇ

ਆਕਾਸ਼ਵਾਣੀ ਦਿੱਲੀ ਤੋਂ ਸ਼ਬਦ ਕੀਰਤਨ ਦਾ ਸਮਾਂ ਕਾਫ਼ੀ ਵਧਵਾਇਆ । ਉਹ ਰਿਕਾਰਡ ਵਜਾਉਣ ਦੀ ਵਜਾਏ ਆਕਾਸ਼ਵਾਣੀ ਦੇ ਆਪਣੇ ਸ਼ਬਦ ਕੀਰਤਨ ਦੇ ਪ੍ਰੋਗਰਾਮ ਰਿਕਾਰਡ ਕਰਨ ਵਿਚ ਵਧੇਰੇ ਦਿਲਚਸਪੀ ਰੱਖਦੇ ਸਨ । ਉਹਨਾਂ ਨੇ ਭਾਈ ਸੰਤਾ ਸਿੰਘ ਜੀ, ਭਾਈ ਸੁਰਜਣ ਸਿੰਘ ਜੀ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀਆਂ ਅਨੇਕਾਂ ਰਿਕਾਰਡਿੰਗਜ਼ ਕਰਵਾਈਆਂ । ਇਹਨਾਂ ਵਿਚੋਂ ਪਤਾ ਨਹੀਂ ਕਿੰਨੀਆਂ ਅਜੇ ਬਾਕੀ ਹਨ । ਸਰਦਾਰ ਦਵਿੰਦਰ ਸਿੰਘ ਹੋਰਾਂ ਦੇ ਸੇਵਾ ਮੁਕਤ ਹੋਣ ਦੇ ਸਮੇਂ ਤੱਕ ਇਹ ਸਭ ਰਿਕਾਰਡਿੰਗਜ਼ ਆਕਾਸ਼ਵਾਣੀ ਦਿੱਲੀ ਦੇ ਪੰਜਾਬੀ ਪ੍ਰੋਗਰਾਮ ਦਾ ਵਡਮੁੱਲ ਖ਼ਜ਼ਾਨਾ ਸਨ । ਅੱਜ ਕਲ੍ਹ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਘੱਟ ਹੀ ਆਕਾਸ਼ਵਾਣੀ 'ਤੇ ਜਾਂਦੇ ਹਨ । ਅਜ਼ੇ ਤੱਕ ਉਹ ਐਨੇ ਮਸਰੂਫ਼ ਹਨ ਕਿ ਉਹਨਾਂ ਕੋਲੋਂ ਕੀਰਤਨ ਕਰਵਾਉਣ ਵਾਸਤੇ ਕਈ ਮਹੀਨੇ ਪਹਿਲਾਂ ਪ੍ਰੋਗਰਾਮ ਲੈਣਾ ਪੈਂਦਾ ਹੈ ।

ਸੱਠਵਿਆਂ ਦੇ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾਕਟਰ ਤਾਰਨ ਸਿੰਘ ਜੀ ਨੇ ਪੁਰਾਤਨ ਕੀਰਤਨ ਕਲਾ ਦੀ ਸਾਂਭ ਵਾਸਤੇ ਇਕ ਅਜੀਬ ਉਪਰਾਲਾ ਕੀਤਾ । ਉਹਨਾਂ ਨੂੰ ਪਤਾ ਸੀ ਕਿ ਪੁਰਾਤਨ ਕੀਰਤਨ ਸ਼ੈਲੀਆਂ ਹੌਲੀ-ਹੌਲੀ ਇਕ ਇਕ ਕਰਕੇ ਗ਼ਾਇਬ ਹੋ ਰਹੀਆਂ ਹਨ । ਪੁਰਾਤਨ ਵਿਦਿਆ ਦੇ ਅਨੇਕਾਂ ਮਾਹਿਰ ਕੀਰਤਨੀਏ ਹੌਲੀ-ਹੌਲੀ ਇਸ ਜਹਾਨ ਤੋਂ ਰੁਕਸਤ ਹੋ ਰਹੇ ਸਨ । ਉਹਨਾਂ ਦੇ ਇੰਤਕਾਲ ਦੇ ਨਾਲ ਹੀ ਉਹਨਾਂ ਦੀਆਂ ਕੀਰਤਨ ਸ਼ੈਲੀਆਂ ਵੀ ਖ਼ਤਮ ਹੁੰਦੀਆਂ ਜਾ ਰਹੀਆਂ ਸਨ । ਅਨੇਕਾਂ ਗੁਣੀ ਕੀਰਤਨੀਏ ਕੁਝ ਵੀ ਪਿਛੇ ਛੱਡੇ ਬਗ਼ੈਰ ਸਾਥੋਂ ਵਿਛੜ ਗਏ, ਸਮੇਂ ਦੇ ਘਟਨਾ ਚੱਕਰ ਦੇ ਦਸਤੂਰ ਮੁਤਾਬਿਕ ਹੋਰਨਾਂ ਨੇ ਵੀ ਆਪਣੀ ਆਪਣੀ ਵਾਰੀ ਸਿਰ ਗੁਜ਼ਰ ਜਾਣਾ ਹੈ, ਇਸ ਲਈ ਕਿਉਂ ਨਾਂ ਜੀਵਿਤ ਰਾਗੀਆਂ ਦੀ ਅਨਮੋਲ ਕਲਾ ਦੀ ਸਾਂਭ ਕਰ ਲਈ ਜਾਵੇ । ਉਹਨਾਂ ਦਾ ਖ਼ਿਆਲ ਬੜਾ ਨੇਕ ਸੀ । ਉਹਨਾਂ ਦੀ ਫ਼ਿਕਰ-ਓ-ਨਜ਼ਰ ਬੜੀ ਦੀਬਰ ਸੀ ਅਤੇ ਯੂਨੀਵਰਸਿਟੀ ਕੋਲ ਪਰਿਆਪਤ ਧਨ ਰਾਸ਼ੀ ਵੀ ਸੀ । ਇਸ ਤਰ੍ਹਾਂ ਕੀਰਤਨ ਕਲਾ ਦੀ ਸਾਂਭ ਦੀ ਕਿਰਿਆ ਨੇ ਜਨਮ ਲਿਆ । ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਵਲੋਂ ਇਸ ਤਰ੍ਹਾਂ ਦਾ ਪਹਿਲਾ ਕਾਰਜ ਸੀ ।

ਭਾਈ ਸਮੁੰਦ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਜ਼ਖ਼ਮੀ ਜਿਹੇ ਪ੍ਰਤਿਭਾਸ਼ਾਲੀ ਰਾਗੀ ਸਿੰਘਾਂ ਦੀ ਕੀਰਤਨ ਕਲਾ ਦਾ ਸਾਂਭ ਪ੍ਰਾਰੰਭ ਹੋ ਚੁਕਿਆ ਸੀ । ਇੱਕ ਦਿਨ ਡਾਕਟਰ ਤਾਰਨ ਸਿੰਘ ਜੀ ਭਾਈ ਸਮੁੰਦ ਸਿੰਘ ਜੀ ਦੀ ਪੰਜਾਬੀ ਯੂਨੀਵਰਸਿਟੀ ਵਿੱਚ ਰਿਕਾਰਡਿੰਗ ਸਮੇਂ ਖ਼ੁਦ ਹਾਜ਼ਿਰ ਸਨ । ਭਾਈ ਸਮੁੰਦ ਸਿੰਘ ਜੀ ਨੇ ਡਾਕਟਰ ਸਾਹਿਬ ਨੂੰ ਸਵਾਲ ਕੀਤਾ ਕਿ ਇਸ ਸਾਂਭ ਸੰਭਾਲ ਪਿੱਛੇ ਮੁਢਾ ਮਕਸਦ ਕੀ ਏ । ਡਾਕਟਰ ਸਾਹਿਬ ਨੇ ਉੱਤਰ ਦਿੱਤਾ ਕਿ ਉਹ ਪੁਰਾਤਨ ਕੀਰਤਨ ਕਲਾ ਨੂੰ ਹਮੇਸ਼ਾਂ ਸਾਂਭਣਾ ਚਾਹੁੰਦੇ ਹਨ । ਉਹ ਕਲਾ ਜੋ ਗੁਰੂ ਸਾਹਿਬਾਨ ਦੇ ਵਕਤਾਂ ਤੋਂ ਚਲੀ ਆ ਰਹੀ ਹੈ ਉਸ ਦੀ ਸਾਂਭ ਕਰਨ ਦੇ ਉਹ ਇਛੁਕ ਹਨ । ਭਾਈ ਸਮੁੰਦ ਸਿੰਘ ਜੀ ਨੇ ਉੱਤਰ ਦਿੱਤਾ ਕਿ ਅਜਿਹੀ ਪੁਰਾਤਨ ਕਲਾ ਤਾਂ ਮਹਿਜ਼ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਕੋਲ ਹੀ ਬਚੀ ਹੈ, ਬਾਕੀ ਦੇ ਰਾਗੀ ਜਥੇ ਤਾਂ ਮੌਜੂਦਾ ਖਿਆਲੀ ਢੰਗ ਦੀ ਗਾਇਕੀ ਦੇ ਹੀ ਵਿਦਿਆਰਥੀ ਹਨ ਅਤੇ ਇਹ ਸ਼ੈਲੀ ਬਹੁਤੀ ਪੁਰਾਣੀ ਨਹੀਂ । ਇਹ ਗੱਲ ਡਾਕਟਰ ਤਾਰਨ ਸਿੰਘ ਹੋਰਾਂ ਦੇ ਦਿਮਾਗ਼ ਵਿੱਚ ਘਰ ਕਰ ਗਈ । ਅਸਲੀਅਤ ਦਾ ਉਹਨਾਂ ਨੂੰ ਅਹਿਸਾਸ ਹੋ ਚੁੱਕਿਆ ਸੀ ।

ਚੁਨਾਂਚੇ ਇੱਕ ਸੁਹਾਵਣੇ ਦਿਨ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ ਪੇਸ਼-ਕਸ਼ ਆਈ ਕਿ ਯੂਨੀਵਰਸਿਟੀ ਉਹਨਾਂ ਦੀ ਦੁਰਲੱਭ ਕੀਰਤਨ ਸ਼ੈਲੀ ਦੀ ਸਾਂਭ ਕਰਨ ਵਾਸਤੇ ਉਤਸੁਕ ਹੈ । ਮਾਇਕ ਪੱਖੋਂ ਇਹ ਕੋਈ ਐਨੀ ਆਕਰਸ਼ਕ ਪੇਸ਼ਕਸ਼ ਨਹੀਂ ਸੀ । ਪਰ ਹਰ ਚੀਜ਼ ਮਾਇਆ ਦੇ ਤਰਾਜ਼ੂ ਵਿੱਚ ਹੀ ਨਹੀਂ ਤੋਲੀ ਜਾਂਦੀ । ਵਿਰਸੇ ਦੀ ਸੰਭਾਲ ਕਰਦਿਆਂ ਮਾਇਕ ਝੰਜਟਾਂ ਵਿਚ ਨਹੀਂ ਪਿਆ ਜਾਂਦਾ ।

ਭਾਈ ਸਾਹਿਬ ਯੂਨੀਵਰਸਿਟੀ ਦੀ ਬੇਨਤੀ ਮੰਨ ਕੇ ਪਟਿਆਲੇ ਆਣ ਪਧਾਰੇ । ਯੂਨੀਵਰਸਿਟੀ ਨੇ ਉਹਨਾਂ ਨੂੰ ਇੱਕ ਸਸਤਾ ਜਿਹਾ ਛੋਟੇ ਸਪੂਲ ਵਾਲਾ ਟੇਪ ਰਿਕਾਰਡ ਦੇ ਦਿੱਤਾ । ਭਾਈ ਸਾਹਿਬ ਟੇਪ ਰਿਕਾਰਡਰ ਖ਼ੁਦ ਖ਼ੁਦ ਹੀ ਔਨ ਕਰਕੇ ਇੱਕ ਰੀਤ ਰਿਕਾਰਡ ਕਰ ਲੈਂਦੇ ਸਨ, ਫੇਰ ਕੁਝ ਆਰਾਮ ਕਰਦੇ ਸਨ । ਧਰੁਪਦਾਂ ਅਤੇ ਪੜਤਾਲਾਂ ਦੀ ਰਿਕਾਰਡਿੰਗ ਕਰਨੀ ਕੋਈ ਖਾਲਾ ਜੀ ਦਾ ਵਾੜਾ ਨਹੀਂ । ਇੱਕ ਰੀਤ ਗਾਇਨ ਕਰਦਿਆਂ ਸਾਰਾ ਜ਼ੋਰ ਲੱਗ ਜਾਂਦਾ ਹੈ । ਥੋੜ੍ਹੀ ਥੋੜ੍ਹੀ ਦੇਰ ਆਰਾਮ ਕਰਕੇ ਭਾਈ ਸਾਹਿਬ ਦਿਨ ਭਰ ਇਹ ਰਿਕਾਰਡਿੰਗ ਕਰਦੇ ਰਹਿੰਦੇ । ਇਸ ਰਿਕਾਰਡਿੰਗ ਸਮੇਂ ਦਿਨ ਅਤੇ ਰਾਤ ਦਾ ਵੀ ਕੋਈ ਇਮਤਿਆਜ਼ ਨਹੀਂ ਕੀਤਾ । ਦੋ ਮਹੀਨਿਆਂ ਵਿੱਚ ਹੀ ਭਾਈ ਅਵਤਾਰ ਸਿੰਘ ਗੁਰਚਰਨ

ਸਿੰਘ ਹੋਰਾਂ ਨੇ ਆਪਣੀਆਂ ਤਮਾਮ 500 ਸ਼ਬਦ ਰੀਤਾਂ ਰਿਕਾਰਡ ਕਰਣ ਲਈਆਂ ਰਿਕਾਰਡਿੰਗ ਦਾ ਪੱਧਰ ਕੋਈ ਬਹੁਤਾ ਉੱਚਾ ਨਹੀਂ ਸੀ । ਕਾਰਨ ਇਹ ਹੈ ਕਿ ਇੱਕ ਹੀ ਮਾਈਕਰੋਫੋਨ ਦੀ ਮਦਦ ਨਾਲ ਇਹ ਸਾਰੀ ਦੀ ਸਾਰੀ ਰਿਕਾਰਡਿੰਗ ਕੀਤੀ ਗਈ ਸੀ । ਟੇਪ ਰਿਕਾਰਡਰ ਮੋਨੋ ਸੀ, ਇਸ ਲਈ ਰਿਕਾਰਡਿੰਗ ਵੀ ਮੋਨੋ ਹੀ ਹੈ ।

ਸੱਠਵਿਆਂ ਵਿਚ ਭਾਈ ਸੰਤਾ ਸਿੰਘ ਜੀ ਦੇ ਇੰਤਕਾਲ ਫਰਮਾ ਜਾਣ ਤੋਂ ਬਾਅਦ ਸਾਰੇ ਹੀ ਸਿੱਖ ਜਗਤ ਤੇ ਕੀਰਤਨ ਕਲਾ ਦੀ ਕਦਰ ਘਟਣੀ ਸ਼ੁਰੂ ਹੋ ਗਈ ਹੈ । ਭਾਈ ਸੁਰਜਣ ਸਿੰਘ ਜੀ ਕਿਸੇ ਵਕਤ ਭਾਈ ਸੰਤਾ ਸਿੰਘ ਜੀ ਦੇ ਸ਼ਾਗਿਰਦ ਅਤੇ ਸਾਥੀ ਹੋਇਆ ਕਰਦੇ ਸਨ । ਆਪਣਾ ਜਥਾ ਅਲੱਗ ਬਣਾ ਕੇ ਭਾਈ ਸੁਰਜਣ ਸਿੰਘ ਜੀ ਨੇ ਆਪਣੀ ਕੀਰਤਨ ਸ਼ੈਲੀ ਵੀ ਸਿਧੀਆਂ ਸਾਦੀਆਂ ਧਾਰਨਾਵਾਂ ਵਾਲੀ ਕਰ ਲਈ । ਇਸ ਨਵੀਂ ਨਕੋਰ ਸ਼ੈਲੀ ਕਾਰਨ ਭਾਈ ਸੁਰਜਣ ਸਿੰਘ ਜੀ ਨੇ ਬੜਾ ਨਾਮਣਾ ਕਮਾਇਆ ਅਤੇ ਦੂਰ ਦੂਰ ਤੱਕ ਉਹਨਾਂ ਦੀ ਮਸ਼ਹੂਰੀ ਫੈਲ ਗਈ । ਪਰ ਭਾਈ ਸੰਤਾ ਸਿੰਘ ਜੀ ਸਵਰਗਵਾਸ ਹੋਣ ਤਕ ਜਿਬਰਾਲਟਰ ਦੀ ਚਟਾਨ ਵਾਂਗੂ ਆਪਣੀ ਪੁਰਾਤਨ ਤਰਜ਼ ਦੀ ਸ਼ੈਲੀ ਤੇ ਡਟੇ ਰਹੇ । ਉਹਨਾਂ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਉਹਨਾਂ ਦਾ ਝੰਡਾ ਹੁਣ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੇ ਹੱਥਾਂ ਵਿਚ ਪੂਰੀ ਤਰ੍ਹਾਂ ਮਹਿਫੂਜ਼ ਹੈ । ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀ ਇਹ ਸਿਫ਼ਤ ਹੈ ਕਿ ਉਹਨਾਂ ਨੇ ਪੁਰਾਤਨ ਗੁਰਮਤਿ ਸੰਗੀਤ ਦਾ ਦਾਮਨ ਅਜੇ ਤਾਈਂ ਨਹੀਂ ਛਡਿਆ ।

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਨੇ ਉਸ ਹਰ ਦੇਸ ਦਾ ਭਰਮਣ ਕੀਤਾ ਹੈ ਜਿਥੇ ਗੁਰੂ ਦੇ ਨਾਮ ਲੇਵਾ ਸਿੱਖ ਮੌਜੂਦ ਹਨ । ਵਧੇਰੇ ਕਰਕੇ ਉਹ ਬਰਤਾਨੀਆਂ, ਕੈਨੇਡਾ ਅਤੇ ਅਮਰੀਕਾ ਦਾ ਹੀ ਭਰਮਣ ਕਰਦੇ ਹਨ । ਉਹ ਤਕਰੀਬਨ ਛੇ ਮਹੀਨੇ ਦਿਲੀ ਰਹਿੰਦੇ ਹਨ ਅਤੇ ਛੇ ਮਹੀਨੇ ਵਿਦੇਸਾਂ ਵਿਚ ਕੀਰਤਨ ਦੀ ਸੇਵਾ ਕਰਦੇ ਹਨ। ਦਿਲੀ ਵਿਚ ਰਹਿੰਦੇ ਸਮੇਂ ਉਹ ਪੰਜਾਬ ਵਿਚ ਵੀ ਕੀਰਤਨ ਦੀ ਸੇਵਾ ਨਿਭਾ ਆਉਂਦੇ ਹਨ । ਕੀਰਤਨ ਕਲਾ ਦੇ ਪ੍ਰੇਮੀ ਭਾਈ ਸਾਹਿਬ ਦਾ ਬੜਾ ਆਦਰ ਮਾਣ ਕਰਦੇ ਹਨ ।

1989 ਵਿਚ ਜਦੋਂ ਉਹ ਚੌਥੀ ਵਾਰੀ ਅਮਰੀਕਾ ਆਏ ਸਨ ਉਸ ਸਮੇਂ ਗੁਰਦਵਾਰਾ ਬ੍ਰਿਜਵਾਟਰ, ਸਮਰਸੈਟ ਕਾਊਂਟੀ, ਨਿਊਜਰਸੀ ਦੀ ਸੰਗਤ ਦੇ ਸਹਿਯੋਗ ਨਾਲ ਭਾਈ ਸਾਹਿਬ ਦੇ ਰਾਗੀ ਜਥੇ ਸਮਰਸੈਟ ਕਾਊਂਟੀ, ਨਿਊਜਰਸੀ ਦੀ ਸੰਗਤ ਦੇ ਸਹਿਯੋਗ ਨਾਲ ਭਾਈ ਸਾਹਿਬ ਦੇ ਰਾਗੀ ਜਥੇ ਕੋਲੋਂ ਉਚੇਚੇ ਤੌਰ ਤੇ ਸ਼ਬਦ ਗਾਇਨ ਪੁਰਾਤਨ ਰੀਤਾਂ ਵਿਚ ਕਰਵਾਇਆ । ਨਾਕਾਮੀ ਦੀ ਜਾਪਾਨ ਦਵਾਰਾ ਨਿਰਮਾਣਤ ਪਰੋਫੈਸ਼ਨਲ ਰਿਕਾਰਡਿੰਗ ਸਿਸਟਮ ਤੇ ਸੀਰੀਓ ਵਿਚ ਉਹਨਾਂ ਦੀ ਰਿਕਾਰਡਿੰਗ ਅਨਜਾਮ ਦਿਤੀ ਗਈ ਸੀ । ਕੁਲ 11 ਟੇਪਸ ਬਣਾਇਆ ਗਈਆਂ ਸਨ । ਰੀਤਾਂ ਦੀ ਸੰਖਿਆ 100 ਦੇ ਕਰੀਬ ਬਣਦੀ ਹੈ । ਇਹ ਰਿਕਾਰਡਿੰਗ ਪੰਜਾਬੀ ਯੂਨੀਵਰਸਿਟੀ ਦੀ ਰਿਕਾਰਡਿੰਗ ਨਾਲੋਂ ਬਹੁਤ ਬਿਹਤਰ ਹੈ । ਇਸੇ ਹੀ ਤਰ੍ਹਾਂ, ਉਚੇਚੇ ਤੌਰ ਤੇ ਤਾਂ ਨਹੀਂ, ਗੁਰਦਵਾਰਾ ਬ੍ਰਿਜਵਾਟਰ ਵਿਖੇ ਆਮ ਕੀਰਤਨ ਸਭਾਵਾਂ ਦੇ ਦੌਰਾਨ ਕੁਝ ਹੋਰ ਵੀ ਰੀਤਾਂ 1992 ਵਿਚ ਰਿਕਾਰਡ ਕੀਤੀਆਂ ਗਈਆਂ ਸਨ। ਇਹ ਵੀ ਉਚ ਪੱਧਰੀ ਸਟੀਰਿਓ ਸਿਸਟਮ ਤੇ ਰਿਕਾਰਡਡ ਹਨ । ਇਸ ਤਰ੍ਹਾਂ ਭਾਈ ਸਾਹਿਬ ਦੀ ਨਿਵੇਕਲੀ ਕੀਰਤਨ ਸ਼ੈਲੀ ਦੀ ਸੰਭਾਲ ਵਿਚ ਅਮਰੀਕਾ ਨੇ ਵੀ ਆਪਣੀ ਵਿਤ ਅਨੁਸਾਰ ਯੋਗਦਾਨ ਪਾਇਆ ਹੈ ।

1994 ਵਿਚ ਦਿਲੀ ਗੁਰਦਵਾਰਾ ਪਰਬੰਧਕ ਕਮੇਟੀ ਨੇ ਮਨਸੂਬਾ ਬਣਾਇਆ ਸੀ ਕਿ ਭਾਈ ਸਾਹਿਬ ਦੀਆਂ ਅਨਮੋਲ ਰੀਤਾਂ ਦੀ ਮੁੜ ਕੇ ਰਿਕਾਰਡਿੰਗ ਕੀਤੀ ਜਾਵੇ ਜੋ ਸਟੀਰੀਓ ਰੂਪ ਵਿਚ ਹੋਵੇ ਅਤੇ ਜਿਸ ਵਿਚ ਪੁਰਾਤਨ ਭਾਰਤੀ ਤੰਤੀ ਸਾਜ਼ ਵਜਾਏ ਜਾਣ । ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਭੂਤਪੂਰਵਕ ਮੀਤ ਪ੍ਰਧਾਨ ਅਤੇ ਮੌਜੂਦਾ ਜਨਰਲ ਸਕੱਤਰ ਡਾਕਟਰ ਜਸਪਾਲ ਸਿੰਘ ਨੇ ਹੀ ਜ਼ਹੀਨ ਸ਼ਖਸੀਅਤ ਨੂੰ ਇਹ ਮਨਸੂਬਾ ਨੇਪਰੇ ਚੜ੍ਹਾਉਣ ਦੀ ਸੇਵਾ ਦਿਤੀ ਗਈ ਸੀ । ਇਸ ਲੇਖਕ ਨਾਲ ਇਕ ਵਟਾਂਦਰੇ ਸਮੇਂ ਅਕਾਸ਼ਵਾਣੀ ਦਿਲੀ ਦੇ ਪੰਜਾਬੀ ਪ੍ਰੋਗਰਾਮਾਂ ਦੇ ਭੂਤ ਪੂਰਵਕ ਸੰਚਾਲਕ ਸਰਦਾਰ ਦਵਿੰਦਰ ਸਿੰਘ ਜੀ ਨੇ ਮਸ਼ਵਰਾ ਦਿਤਾ ਸੀ ਕਿ ਅਜਿਹੀ ਰਿਕਾਰਡਿੰਗ ਨੂੰ ਪੱਖ ਤੋਂ ਉਚੇਰੀ ਬਣਾਉਣ ਵਾਸਤੇ ਸਰਦਾਰ ਮਹਿੰਦਰ ਸਿੰਘ ਸਰਨਾ ਫਿਲਮੀ ਨਾਂਓ ਐਸ ਮੁਹਿੰਦਰ) ਜਿਹੇ ਮਹਾਨ ਸੰਗੀਤ ਨਿਰਦੇਸ਼ਕ ਦੀ ਸੇਵਾ ਵੀ ਜ਼ਰੂਰ ਲੈਣੀ ਚਾਹੀਦੀ ਹੈ ਇਹ ਮਨਸੂਬਾ ਜਿਥੇ ਕੱਲ ਖੜਾ ਸੀ ਉਥੇ ਹੀ ਅੱਜ ਵੀ ਖੜ੍ਹਾ ਹੈ । ਸ਼ਾਇਦ ਇਸ ਨੂੰ ਹੁਣ ਪਹੀਏ ਲੱਗ ਜਾਣ ਇਸ ਲਈ ਕਿ ਐਸ ਵਕਤ ਡਾਕਟਰ ਜਸਪਾਲ ਸਿੰਘ ਹੋਰਾਂ ਕੋਲ ਪਹਿਲਾਂ ਨਾਲੋਂ ਵੱਧ ਅਖਤਿਆਰ ਹਨ । ਜੁਲਾਈ 1995 ਵਿੱਚ ਹੋਈ ਚੋਣ ਨੇ ਉਹਨਾਂ ਦੀ ਮਕਬੂਲੀਅਤ ਵਿੱਚ ਚੋਖਾ ਇਜ਼ਾਫ਼ਾ ਕੀਤਾ ਹੈ ।

1994 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸੰਗੀਤ ਦਾ ਇੱਕ ਵਿਸ਼ੇਸ਼ ਸਿਲੇਬਸ ਬਣਾਇਆ

ਸੀ । ਇਸ ਸਿਲੇਬਸ ਵਿਚ ਗੁਰਮਤਿ ਸੰਗੀਤ ਹੀ ਪ੍ਰਧਾਨ ਸੀ । ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਸਿਲੇਬਸ ਦੇ ਰਚਈਤਾ ਡਾਕਟਰ ਗੁਰਨਾਮ ਸਿੰਘ ਆਪਣੀ ਪੁਰਾਣੀ ਯੂਨੀਵਰਸਿਟੀ ਵਿਖੇ ਤਰੱਕੀ ਪਾ ਕੇ ਪਟਿਆਲੇ ਚਲੇ ਗਏ । ਹੁਣ ਕੋਈ ਅਜਿਹਾ ਅਜਿਹਾ ਪ੍ਰਧਿਆਪਕ ਅੰਮ੍ਰਿਤਸਰ ਵਿਚ ਮੌਜੂਦ ਨਹੀਂ ਹੈ ਜੋ ਉਸ ਸਿਲੇਬਸ ਦੇ ਮੁਤਾਬਿਕ ਪੜ੍ਹਾਈ ਦੀ ਰੂਪ ਰੇਖਾ ਨੂੰ ਅਮਲੀ ਜਾਮਾ ਪਹਿਨਾ ਸਕੇ । ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਚ ਅਧਿਕਾਰੀ ਜੇ ਜ਼ਰਾ ਕੁ ਜੁਗਤ ਦਾ ਸਬੂਤ ਦੇਣ, ਤਾਂ ਉਹ ਭਾਈ ਗੁਰਚਰਨ ਸਿੰਘ ਜੀ ਜਿਹੇ ਜ਼ਹੀਨ ਕੀਰਤਨੀਏ ਨੂੰ ਇਸ ਸੇਵਾ ਵਾਸਤੇ ਇਨਸਟਰੱਕਟਰ ਜਾਂ ਵਿਸ਼ੇਸ਼ ਦਰਜੇ ਦੇ ਪ੍ਰਾਧਿਆਪਕ ਦਾ ਰੁਤਬਾ ਦੇ ਕੇ ਇਸ ਸਿਲੇਬਸ ਦੀ ਪਾਲਣਾ ਅਜੇ ਵੀ ਕਰਵਾ ਸਕਦੇ ਹਨ । ਇੱਕ ਹੋਰ ਮਹਾਨ ਰਾਗੀ ਭਾਈ ਬਲਬੀਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਦੇ ਭੂਤ ਪੂਰਵਕ ਹਜ਼ੂਰੀ ਰਾਗੀ (ਪਹਿਲਾਂ ਤਰਨਤਾਰਨ ਦੇ ਹਜ਼ੂਰੀ ਰਾਗੀ) ਅੱਜ ਕਲ੍ਹ ਗੁਮਨਾਮੀ ਵਿੱਚ ਕਦੀ ਜਵੱਦੀ ਤੇ ਕਦੀ ਅੰਮ੍ਰਿਤਸਰ ਰਹਿ ਰਹੇ ਹਨ । ਦਿਮਾਗ਼ ਉਹਨਾਂ ਦਾ ਵੀ ਰੀਤਾਂ ਨਾਲ ਭਰਿਆ ਪਿਆ ਹੈ । ਵੱਜਤ ਵਿੱਚ ਆ ਜਾਣ, ਤਾਂ ਉਹ ਵੀ ਬੜੀਆਂ ਬਿਖੜੀਆਂ ਗੁਰਮਤਿ ਰੀਤਾਂ ਸਿਖਾ ਸਕਦੇ ਹਨ ।

ਜੋ ਰੀਤਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਕੋਲੋਂ ਉਚੇਚੇ ਤੌਰ ਤੇ ਗਾਇਨ ਕਰਵਾ ਕੇ ਗੁਰਦਵਾਰਾ ਬ੍ਰਿਜਵਾਟਰ, ਨਿਊਜਰਸੀ ਅਮਰੀਕਾ ਨੇ ਹੁਣ ਤਾਈਂ ਮਹਿਫ਼ੂਜ਼ ਕੀਤੀਆਂ ਹਨ, ਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਉਹਨਾਂ ਦੀ ਲੋੜ ਹੋਵੇ ਤਾਂ ਉਹਨਾਂ ਦੀ ਲੋੜ ਹੋਵੇ ਤਾਂ ਉਹਨਾਂ ਨੂੰ ਇਹ ਰੀਤਾਂ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ । ਪਰ ਰਿਕਾਰਡਿੰਗਜ਼ ਕਿਸੇ ਦੇ ਕੋਲ ਬੈਠ ਕੇ ਉਸ ਨੂੰ ਸੰਗੀਤ ਦੀਆਂ ਬਾਰੀਕੀਆਂ ਨਹੀਂ ਸਮਝ ਸਕਦੀਆਂ । ਅਜਿਹੇ ਕਾਰਜ ਤਾਂ ਇੱਕ ਜ਼ਿੰਦਾ ਪਇੰਦਾ ਇਨਸਾਨ ਹੀ ਕਰ ਸਕਦਾ ਹੈ । ਅਜੇ ਭਾਈ ਗੁਰਚਰਨ ਸਿੰਘ ਆਪਣੀ ਵੱਡੀ ਉਮਰ ਦੇ ਬਾਵਜੂਦ, ਬੜਾ ਕੁਝ ਸਿਖਾ ਸਕਦੇ ਹਨ । ਅਜੇ ਭਾਈ ਗੁਰਚਰਨ ਸਿੰਘ ਆਪਣੀ ਵੱਡੀ ਉਮਰ ਦੇ ਬਾਵਜੂਦ, ਬੜਾ ਕੁਝ ਸਿਖਾ ਸਕਦੇ ਹਨ । ਸਾਨੂੰ ਆਸ ਏ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਇਸ ਸੁਝਾਓ ਤੇ ਧਿਆਨ ਦਵੇਗੀ । ਜ਼ਿੰਦਗੀ ਭਰ ਦਾ ਤਜਰਬਾ ਵੀ ਆਪਣੇ ਆਪ ਵਿੱਚ ਇੱਕ ਵੱਡੀ ਵਿੱਦਿਆ ਹੈ ।

ਐਸ ਮੁਹਿੰਦਰ ਜੀ ਅੱਜ ਕਲ੍ਹ ਅਮਰੀਕਾ ਦੀ ਰਿਆਸਤ ਵਰਜੀਨੀਆਂ ਵਿੱਚ ਗੁਮਨਾਮੀ ਦੇ ਆਲਮ ਵਿੱਚ ਰਹਿ ਰਹੇ ਹਨ । ਦਿਮਾਗ਼ ਉਹਨਾਂ ਦਾ ਅਜੇ ਵੀ ਉਹਨਾਂ ਹੀ ਤਿੱਖਾ ਹੈ ਜਿੰਨਾ ਜਵਾਨੀ ਸਮੇਂ ਸੀ । ਕਦੀ ਕਦੀ ਇੱਕ ਅੱਧ ਟੇਪ ਸੰਗੀਤਬਧ ਕਰਨ ਹਿਤ ਉਹ ਭਾਰਤ ਜਾਂਦੇ ਰਹਿੰਦੇ ਹਨ । ਜੋ ਕੁਝ ਉਹ ਅਜੇ ਵੀ ਰਚਦੇ ਹਨ ਉਹ ਲਾਜਵਾਬ ਹੁੰਦਾ ਹੈ । ਇਸ ਲੇਖਕ ਨੇ ਉਹਨਾਂ ਨਾਲ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀ ਕੀਰਤਨ ਸ਼ੈਲੀ ਦੇ ਨਵੇਂ ਸਿਰਿਓਂ ਤੰਤੀ ਸਾਜਾਂ ਨਾਲ ਰਿਕਾਰਡਿੰਗ ਕਰਨ ਦੇ ਮਨਸੂਬੇ ਦੀ ਚਰਚਾ ਕੀਤੀ ਸੀ । ਗੱਲਬਾਤ ਕਰਕੇ ਮੈਂ ਇਸ ਨਿਸਕਰਸ਼ ਤੇ ਪੁਜਿਆ ਹਾਂ ਕਿ ਅੱਜ ਕਲ੍ਹ ਉਨ੍ਹਾਂ ਨੂੰ ਬਹੁਤਾ ਲਾਲਚ ਨਹੀਂ । ਉਹ ਇਸ ਰਿਕਾਰਡਿੰਗ ਵਾਸਤੇ ਸੰਗੀਤ ਨਿਰਦੇਸ਼ਕੀ ਕਰਨ ਨੂੰ ਤਿਆਰ ਹਨ । ਪਰ ਪ੍ਰਬੰਧਕਾਂ ਨੂੰ ਉਹਨਾਂ ਦੇ ਰਹਿਣ ਦਾ ਵਿਸ਼ੇਸ਼ ਪਰਬੰਧ ਕਰਨਾ ਚਾਹੀਦਾ ਹੈ । ਐਸ ਮੁਹਿੰਦਰ ਰਾਸ਼ਟਰਪਤੀ ਦਾ ਸਰਬ ਭਾਰਤੀ ਸੰਗੀਤ ਸਨਮਾਨ ਆਪਣੀ ਫਿਲਮ "ਨਾਨਕ ਨਾਮ ਜਹਾਜ਼ ਹੈ" ਵਾਸਤੇ ਪ੍ਰਾਪਤ ਕਰ ਚੁਕੇ ਹਨ । ਇਹ ਸਨਮਾਨ ਕਈ ਪੀ. ਐਚ. ਡੀਜ਼ ਤੋਂ ਵੱਧ ਅਹਿਮ ਹੈ । ਗੁਰੂ ਨਾਨਕ ਦੇ ਯੂਨੀਵਰਸਿਟੀ ਵਿਖੇ ਸੰਗੀਤ ਦੇ ਪਰੈਕਟੀਕਲ ਦੇ ਪ੍ਰਾਧਿਆਪਕ ਦੀ ਸੇਵਾ ਐਸ ਮੁਹਿੰਦਰ ਵੀ ਕਰ ਸਕਦੇ ਹਨ ।

ਪੱਛਮੀ ਕਲਾਸੀਕੀ ਸੰਗੀਤ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਰਾ ਸੰਗੀਤ ਲਿਖਤ ਰੂਪ ਵਿਚ ਮਹਿਫ਼ੂਜ਼ ਹੈ । ਤਵੀਲ ਅਰਸੇ ਤੋਂ ਇਹ ਨੋਟੇਸ਼ਨਾਂ ਦੇ ਰੂਪ ਵਿਚ ਸਾਂਭਿਆ ਜਾ ਚੁਕਿਆ ਹੈ । ਅੱਜ ਦੇ ਯੁਗ ਵਿਚ ਭਾਵੇਂ ਬੀਥੋਵਨ, ਮੋਤਜ਼ਾਰਤ, ਚਾਇਕੋਵਸਕੀ ਅਤੇ ਬਾਖ਼ ਜਿਹੇ ਮਹਾਨ ਕਲਾਸੀਕੀ ਉਸਤਾਦ ਸਾਡੇ ਦਰਮਿਆਨ ਨਹੀਂ ਹਨ ਪਰ ਉਹਨਾਂ ਦੇ ਮਰਨ ਤੇ ਸੈਂਕੜੇ ਸਾਲ ਬਾਅਦ ਵੀ ਜਦ ਤਕ ਦੁਨੀਆਂ ਵਿਚ ਫਿਲਹਾਰਮੋਨਿਕ ਔਰਕੈਸਟਰਾਜ਼ ਮੌਜੂਦ ਹਨ ਉਹਨਾਂ ਸੰਗੀਤ ਮਰੇਗਾ ਨਹੀਂ । ਨੋਟੇਸ਼ਨਾਂ ਪੜ੍ਹ ਕੇ ਸਾਧਾਰਨ ਤੋਂ ਵਾਦਕ ਕਲਾਕਾਰ ਵੀ ਸਿੰਫਨੀ ਦੀ ਕਾਪੀ ਕਰ ਸਕਦਾ ਹੈ । ਭਾਰਤੀ ਸੰਗੀਤ ਵਿਚ ਅਜਿਹਾ ਨਹੀਂ । ਭਾਰਤੀ ਸ਼ਾਸਤਰੀਆਂ ਸੰਗੀਤ ਸੈਂਕੜੇ ਨਹੀਂ ਬਲਕਿ ਹਜ਼ਾਰਾਂ ਸਾਲ ਪੁਰਾਣਾ ਸੰਗੀਤ ਹੈ । ਐਸ ਸਦੀ ਤੋਂ ਪਹਿਲਾਂ ਇਸ ਦੀਆਂ ਨੋਟੇਸ਼ਨਾਂ ਨਹੀਂ ਸਨ ਹੁੰਦੀਆਂ । ਇਹ ਸੰਗੀਤ ਪਿਤਾ ਤੋਂ ਪੁੱਤਰ ਅਤੇ ਪੁੱਤਰ ਤੋਂ ਪੋਤਰੇ ਨੂੰ ਮੂੰਹ ਜ਼ਬਾਨੀ ਹੀ ਕੰਠ ਕਰਵਾਦਿਆ ਜਾਂਦਾ ਸੀ । ਜ ਇੰਝ ਸਮਝ ਲਵੋ ਕਿ ਉਸਤਾਦ ਤੋਂ ਸ਼ਾਗਿਰਦ ਤਾਈਂ ਸੰਗੀਤ ਜਿਸ ਤਰ੍ਹਾਂ ਸਿਖਾਇਆ ਜਾਂਦਾ ਸੀ, ਸ਼ਾਗਿਰਦ ਉਸੇ ਰੂਪ ਵਿਚ ਹੀ ਉਸ ਨੂੰ ਆਪਣੇ ਸ਼ਾਗਿਰਦ ਨੂੰ ਸਿਖਾਉਂਦਾ ਸੀ । ਇਸ ਤਰ੍ਹਾਂ ਪੀੜੀ ਦਰ ਪੀੜੀ ਸੰਗੀਤ ਆਪਣੇ ਸ਼ੁਧ

ਰੂਪ ਵਿਚ ਹੀ ਚਲਦਾ ਗਿਆ। ਇੰਝ ਵੀ ਸੋਚਣਾ ਗਲਤ ਹੋਵੇਗਾ ਕਿ ਹਜ਼ਾਰਾਂ ਸਾਲਾਂ ਤੋਂ ਇਹ ਸੰਗੀਤ ਬਿਨਾਂ ਦਬਦੀਲੀ ਦੇ ਹੀ ਬਰਕਰਾਰ ਰਿਹਾ। ਜਦ ਵੀ ਕਦੀ ਉਸਤਾਦ ਨੇ ਕਿਸੇ ਚੰਗੇ ਜਾਂ ਮਾੜੇ ਕਾਰਨ ਆਪਣੇ ਪੂਰਵਜ਼ ਦੀ ਵਿਦਿਆ ਨੂੰ ਜ਼ਰਾ ਵੀ ਅੰਤਰ ਨਾਲ ਆਪਣੇ ਸ਼ਾਗਿਰਦ ਤਾਈਂ ਪਹੁੰਚਾਇਆ, ਅਗਲੀ ਪੀੜੀ ਵਾਸਤੇ ਇਹ ਅੰਤਰ ਪੱਥਰ ਤੇ ਲਕੀਰ ਬਣ ਗਿਆ। ਇਸ ਤਰ੍ਹਾਂ ਥੋੜ੍ਹਾ ਬਹੁਤ ਅੰਤਰ ਜ਼ਰੂਰ ਪੈਂਦਾ ਰਿਹਾ। ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਜਾਣ ਬੁਝ ਕੇ ਪਾਏ ਜਾਂਦੇ ਪੁਰਾਤਨ ਵਿਦਆ ਵਿਚ ਅੰਤਰ ਦੇ ਖਿਲਾਫ਼ ਹਨ। ਉਹ ਸੰਗੀਤ ਨੂੰ ਆਪਣੇ ਪੁਰਾਣੇ ਰੂਪ ਵਿਚ ਹੀ ਸਿੱਖਣ ਅਤੇ ਗਾਉਣ ਦੀ ਵਿਚਾਰਧਾਰਾ ਦੇ ਮਾਲਿਕ ਹਨ।

ਭਾਰਤ ਵਿਚ ਜਦੋਂ ਤੋਂ ਧਰੁਪਦ ਅਤੇ ਧਮਾਰ ਸੈਲੀ ਗਾਇਬ ਹੋਣੀ ਸ਼ੁਰੂ ਹੋਈ ਹੈ ਅਤੇ ਖਿਆਲੀ ਢੰਗ ਦੀ ਗਾਇਕੀ ਪ੍ਰਚਲਿਤ ਹੋਈ ਹੈ, ਉਦੋਂ ਤੋਂ ਹੀ ਭਾਰਤ ਕਲਾਸਕੀ ਸੰਗੀਤ ਵਿਚ ਤੇਜ਼ੀ ਨਾਲ ਪਰੀਵਰਤਨ ਆਉਣ ਦੀ ਪਰਕਿਰਿਆ ਜ਼ੂਹਨੁਮਾ ਹੋਈ ਹੈ। ਇਹ ਚੰਗੀ ਗੱਲ ਵੀ ਹੈ ਤੇ ਬੁਰੀ ਵੀ। ਆਧੁਨਿਕ ਸੰਗੀਤਕਾਰਾਂ ਵਾਸਤੇ ਇਹ ਵਰਦਾਨ ਸਿਧ ਹੋਈ ਹੈ, ਪਰ ਪੁਰਾਤਨ ਵਿਦਿਆ ਦੀ ਮੂਲ ਰੂਪ ਵਿਚ ਸਾਂਭ ਵਾਸਤੇ ਇਹ ਨੁਕਸਾਨਦੇਹ ਸਿਧ ਹੋਈ ਹੈ।

ਖਿਆਲ ਗਾਉਣ ਵਾਲਾ ਕਲਾਕਾਰ ਅਲਾਪ ਤੋਂ ਸ਼ੁਰੂ ਹੁੰਦਾ ਹੈ। ਅਲਾਪ ਸੰਖੇਪ ਜਿਹਾ ਵੀ ਸੰਭਵ ਹੈ ਅਤੇ ਲੰਬਾ ਚੌੜਾ ਵੀ। ਗਾਇਕ ਕਲਾਕਾਰ ਵਿਚ ਦਮ ਅਤੇ ਰਿਆਜ਼ ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨਾ ਅਲਾਪ ਕਰ ਸਕਦਾ ਹੈ। ਕਈ ਅਲਾਪ ਦੇ ਨਾਲ ਜੋੜ ਅਲਾਪ ਵੀ ਕਰਦੇ ਹਨ। ਵਿਲੰਬਿਤ ਅਤੇ ਧਰੁੱਤ ਲੈਆਂ ਇਕ ਹੀ ਤਾਲ ਵਿਚ ਵੀ ਗਈਆਂ ਜਾ ਸਕਦੀਆਂ ਅਤੇ ਮੁਖ਼ਤਲਿਫ ਤਾਲਾਂ ਵਿਚ ਵੀ। ਕਈ ਖਿਆਲ ਗਾਇਕ ਇਹਨਾਂ ਦੋਹਾਂ ਲੈਆਂ ਦੇ ਵਿਚਕਾਰ ਇਕ ਮੱਧ ਲੈਅ ਵੀ ਸ਼ਾਮਿਲ ਕਰ ਲੈਂਦੇ ਹਨ ਧਰੁੱਤ ਲੈਅ ਵਿਚ ਵੀ ਕਈ ਕਲਾਕਾਰ ਘਟ ਵਕਤ ਲੈਂਦੇ ਹਨ ਅਤੇ ਕਈ ਵੱਧ। ਗੱਲ ਕੀ ਖਿਆਲ ਗਾਉਂਦੇ ਸਮੇਂ ਸੰਗੀਤਕਾਰ ਖੇਡਾਂ ਖੇਡ ਸਕਦਾ ਹੈ। ਇਕ ਹੀ ਖਿਆਲ ਦਸ ਮਿੰਟ ਵਿਚ ਵੀ ਗਾਇਆ ਜਾ ਸਕਦਾ ਹੈ ਅਤੇ ਅੱਧੇ ਘੰਟੇ ਵਿਚ ਵੀ। ਇਸ ਵਿਚ ਪਰੰਪਰਾ ਜੇਹੀ ਕੋਈ ਗੱਲ ਨਹੀਂ ਰਹੀ। ਗਜ਼ਲ ਗਾਇਕ ਅਤੇ ਠੁਮਰੀ ਦਾਦਰਿਆਂ ਵਾਲੇ ਤਾਂ ਕਈ ਕਈ ਰਾਗ ਮਿਲਾ ਕੇ ਅਲਾਪ ਕਰਦੇ ਹਨ। ਅਜਿਹੇ ਕਲਾਕਾਰ ਨੂੰ ਕਲਾਸਕੀ ਸੰਗੀਤ ਨੂੰ ਮੁਖ਼ਤਲਿਫ ਮੋੜ ਦੇਈ ਜਾਂਦੇ ਹਨ।

ਇਹ ਸਾਰਾ ਕੁਝ ਅੱਜ ਦੇ ਯੁੱਗ ਦੀ ਗਾਇਕੀ ਨਵੀਆਂ ਨਵੀਆਂ ਮੰਜ਼ਿਲਾਂ ਵੱਲ ਨੂੰ ਲਿਜ਼ਾ ਰਿਹਾ ਹੈ।

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਪੁਰਾਤਨ ਗੀਤਾਂ ਨੂੰ ਬਦਲਣ ਅਤੇ ਤੋੜਨ ਮਰੋੜਨ ਦੇ ਹੱਕ ਵਿੱਚ ਨਹੀਂ ਹਨ। ਉਹ ਰਾਗ ਨੂੰ ਈਮਾਨਦਾਰੀ ਨਾਲ ਉਸੇ ਹੀ ਸਰੂਪ ਵਿੱਚ ਗਾਇਨ ਕਰਦੇ ਹਨ ਜਸ ਸਰੂਪ ਵਿੱਚ ਉਹਨਾਂ ਨੇ ਆਪਣੇ ਉਸਤਾਦ ਪਿਤਾ ਜੀ ਪਾਸੋਂ ਉਸ ਗੀਤ ਨੂੰ ਗ੍ਰਹਿਣ ਕੀਤਾ ਸੀ। ਮਿਸਾਲ ਦੇ ਤੌਰ ਤੇ ਇੱਕ ਧਰੁਪਦ ਉਹਨਾਂ ਨੇ 9 ਮਿੰਟ ਅਤੇ 18 ਸਕਿੰਟ ਵਿੱਚ ਪੂਰੀ ਤਰ੍ਹਾਂ ਗਾਇਨ ਕੀਤੀ, ਦੂਜੀ ਵਾਰੀ ਵੀ ਉਹ 9 ਮਿੰਟ 16 ਸਕਿੰਟ ਜਾਂ 9 ਮਿੰਟ 20 ਸਕਿੰਟ ਦੇ ਅੰਦਰ ਅੰਦਰ ਹੀ ਸੰਪੂਰਨ ਗੀਤ ਦਾ ਗਾਇਨ ਕਰ ਸਕਣਗੇ। ਭਾਈ ਸਾਹਿਬ ਦੇ ਕੀਰਤਨ ਨਾਲ ਤੁਸੀਂ ਘੜੀ ਮਿਲਾ ਸਕਦੇ ਹੋ।

ਅਮਰੀਕਾ ਵਿੱਚ ਤਾਂ ਭਾਈ ਅਵਤਾਰ ਸਿੰਘ ਹੋਰਾਂ ਨੂੰ ਗਰਾਮੋਫੋਨ ਰਿਕਾਰਡ ਵੀ ਆਖਦੇ ਹਨ। ਇੱਕ ਰਿਕਾਰਡ ਨੂੰ ਜਿੰਨੀ ਵਾਰੀ ਵੀ ਵਜਾਓ ਉਹ ਓਨੇ ਮਿੰਟਾਂ ਵਿੱਚ ਹੀ ਪੂਰਾ ਸੁਣਿਆ ਜਾ ਸਕੇਗਾ ਜਿੰਨੇ ਮਿੰਟਾਂ ਵਿੱਚ ਉਹ ਪਹਿਲੀ ਵਾਰੀ ਸੁਣਿਆ ਗਿਆ ਸੀ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀਉਂਦੇ ਜਾਗਦੇ ਗਰਾਮੋਫੋਨ ਰਿਕਾਰਡ ਹਨ। ਇਹ ਲੇਖਕ ਪਿਆਰ ਨਾਲ ਉਹਨਾਂ ਨੂੰ ਹਿਜ਼ ਮਾਸਟਰਜ਼ ਵੋਇਸ ਆਖਦਾ ਹੈ।

ਪਿਆਰ ਨਾਲ ਬਾਜ਼-ਦਫ਼ਾ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੂੰ ਸੁਰਿੰਦਰ ਕੌਰ ਪ੍ਰਕਾਸ਼ ਕੌਰ ਵੀ ਆਖਿਆ ਜਾਂਦਾ ਹੈ। ਆਪ ਵਿਚੋਂ ਜੋ ਚਾਲੀ ਸਾਲ ਤੋਂ ਵੱਧ ਆਯੂ ਦੇ ਹਨ ਉਹ ਭਲੀ ਭਾਂਤ ਜਾਣਦੇ ਹੋਣਗੇ ਕਿ ਗਾਇਕ ਭੈਣਾਂ ਦੀ ਭਾਰਤੀ ਉੱਪ ਮਹਾਂਦੀਪ ਦੀ ਸਭ ਤੋਂ ਵੱਧ ਲੋਕ-ਪ੍ਰਿਯ ਜੋੜੀ ਸੁਰਿੰਦਰ ਕੌਰ ਪ੍ਰਕਾਸ਼ ਕੌਰ ਦੀ ਹੀ ਹੈ। ਜੋ ਕੁਝ ਇਹਨਾਂ ਦੋਹਾਂ ਭੈਣਾਂ ਨੇ ਮਿਲਕੇ ਪੰਜਾਬੀ ਵਿੱਚ ਗਾਇਆ ਹੈ ਉਹ ਪੰਜਾਬੀ ਲੋਕ ਸੰਗੀਤ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਹੈ। ਇਹਨਾਂ ਦੋਹਾਂ ਭੈਣਾਂ ਦੀ ਆਪਸੀ ਮਿਲਤ, ਜੋ 1943 ਤੋਂ 1980 ਤੱਕ ਚਲਦੀ ਰਹੀ, ਐਨੀ ਜ਼ਬਰਦਸਤ ਸੀ ਕਿ ਕਈ ਵਾਰ ਇਹ ਦੱਸਣਾ ਔਖਾ ਹੋ ਜਾਂਦਾ ਸੀ ਕਿ ਇਹ ਦੋ ਭੈਣਾਂ ਗਾ ਰਹੀਆਂ ਹਨ ਕਿ ਇੱਕੋ ਪਰਭਾਲ ਦਿੱਤਾ ਜਾ ਰਿਹਾ ਹੈ। ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਨੇ ਪਹਿਲਾਂ ਪਿਤਾ ਜੀ ਦੇ ਨਾਲ ਮਿਲ ਕੇ ਤੇ ਫੇਰ ਆਪਣਾ ਜਥਾ ਬਣਾ ਕੇ ਪੰਜਾਹ ਸਾਲ ਤੋਂ ਵੱਧ ਅਰਸੇ ਵਾਸਤੇ ਮਿਲਕੇ ਕੀਤਾ ਹੈ। ਇਹਨਾਂ ਦੋਹਾਂ ਭਰਾਵਾਂ ਦੀ ਮਿਲਤ ਐਨੀ ਹੈ ਕਿ

ਸੁਣ ਕੇ ਸਰੋਤੇ ਦੰਗ ਰਹਿ ਜਾਂਦੇ ਹਨ। ਪਹਿਲੇ ਪਹਿਲੇ ਇਹਨਾਂ ਦੇ ਤਬਲਾ ਮਾਸਟਰ ਅਤੇ ਭਤੀਜੇ ਭਾਈ ਸਵਰਨ ਸਿੰਘ ਕੇਵਲ ਤਬਲੇ ਤੇ ਹੀ ਸੰਗਤੀ ਨਿਭਾਉਂਦੇ ਸਨ, ਪਰ ਹੁਣ ਉਹਨਾਂ ਦੀ ਵੀ ਮਿਲਤ ਐਨੀ ਵਧ ਚੁਕੀ ਹੈ ਕਿ ਉਹ ਤੀਜੀ ਆਵਾਜ਼ ਨੁਮਾਇਆ ਕਰਦੇ ਹਨ। ਭਾਈ ਸਵਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਹੋਰਾਂ ਦੀ ਮਿਲਤ ਵੀ ਭਾਈ ਗੁਰਚਰਨ ਸਿੰਘ ਹੋਰਾਂ ਦੀ ਮਿਲਤ ਨਾਲੋਂ ਘੱਟ ਨਹੀਂ। ਇੰਜ ਸਮਝ ਲਵੋ ਕਿ ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਦੀ ਜੋੜੀ ਗਾ ਰਹੀ ਹੈ।

ਭਾਈ ਸਵਰਨ ਸਿੰਘ ਇੱਕ ਗੰਭੀਰ ਅਤੇ ਠਹਿਰੇ ਹੋਏ ਤਬਲਾ ਵਾਦਕ ਹਨ। ਬਜ਼ਾਤ-ਏ-ਖ਼ੁਦ ਉਹ ਇੱਕ ਅੱਛੇ ਮੰਝੇ ਹੋਏ ਤਬਲਾ ਵਾਦਕ ਹਨ ਜੋ ਬਿਖੜੀਆਂ ਤੋਂ ਬਿਖੜੀਆਂ ਤਾਲਾਂ ਵਜਾ ਸਕਦੇ ਹਨ, ਪਰ ਉਹ ਆਪਣੀ ਕਲਾ ਤੇ ਮਾਣ ਨਹੀਂ ਕਰਦੇ। ਉਹ ਆਪਣੀ ਕਲਾ ਦੇ ਜੌਹਰ ਕਦੀ ਵੀ ਵਿਖਾਵੇ ਵਾਸਤੇ ਪ੍ਰਦਰਸ਼ਤ ਨਹੀਂ ਕਰਦੇ। ਉਹ ਇਹ ਭਲੀ ਭਾਂਤ ਜਾਣਦੇ ਹਨ ਕਿ ਕੀਰਤਨ ਕਰਦੇ ਸਮੇਂ ਰਾਗ ਪ੍ਰਧਾਨ ਨਹੀਂ ਬਲਕਿ ਗੁਰਬਾਣੀ ਪ੍ਰਧਾਨ ਹੋਣੀ ਚਾਹੀਦੀ ਹੈ। ਆਪਣੇ ਤਬਲ ਵਾਦਨ ਦੇ ਜੌਹਰ ਵਿਖਾ ਕੇ ਉਹ ਸੰਗਤਾਂ ਦਾ ਧਿਆਨ ਗੁਰਬਾਣੀ ਦੀ ਬਿਜਾਏ ਆਪਣੀ ਵੱਲ ਨਹੀਂ ਖਿਚਣਾ ਚਾਹੁੰਦੇ। ਇਹ ਇੱਕ ਸੰਜੀਦਾ ਇਨਸਾਨ ਦੀ ਫ਼ਿਤਰਤ ਹੁੰਦੀ ਹੈ।

ਭਾਈ ਗੁਰਚਰਨ ਸਿੰਘ ਇੱਕ ਅੱਛੇ ਕਵੀ ਵੀ ਹਨ। ਉਹਨਾਂ ਦੀ ਨਜ਼ਮਾਂ ਦੀ ਕਿਤਾਬ 'ਚਰਨ ਕਮਲ ਦੀ ਮਉਜ" ਬੜੀ ਸਰਾਹੀ ਗਈ ਹੈ। ਭਾਈ ਗੁਰਚਰਨ ਸਿੰਘ ਸਿੱਖ ਇਤਿਹਾਸ ਦੇ ਵੀ ਚੋਖੇ ਗਿਆਤਾ ਹਨ। ਕੀਰਤਨ ਕਰਦੇ ਸਮੇਂ ਵਿਆਖਿਆ ਅਤੇ ਕਥਾ ਉਹ ਹੀ ਕਰਿਆ ਕਰਦੇ ਹਨ। ਅਕਾਲ ਪੁਰਖ ਇਸ ਜਥੇ ਨੂੰ ਲੰਮੀ ਉਮਰ ਨਾਲ ਨਿਵਾਜੇ। ਇਹ ਸਾਡੀ ਗੁਰੂ ਅੱਗੇ ਅਰਦਾਸ ਹੈ। □

---

# ਨਾਮ ਜਪ

ਡਾ. ਗੁਰਦਰਸ਼ਨ ਸਿੰਘ "ਬਾਦਲ"

ਜ਼ਿੰਦਗੀ ਇਹ ਕੀਮਤੀ ਹੈ, ਨਾਮ ਜਪ !
ਹੋ ਰਿਹਾ ਹਰ ਸਾਹ ਨਫ਼ੀ ਹੈ, ਨਾਮ ਜਪ !
ਗੇੜ ਚੌਰਾਸੀ ਦਾ ਪੂਰਾ ਭੋਗ ਕੇ,
ਜੂਨ ਬੰਦੇ ਦੀ ਮਿਲੀ ਹੈ, ਨਾਮ ਜਪ !
ਨੀਂਦ ਤੇਰੀ ਕਿਉਂ ਨਾ ਟੁਟਦੀ ਗਾਫ਼ਿਲਾ।
ਹਰ ਸੁਬ੍ਹਾ ਇਉਂ ਕੂਕਦੀ ਹੈ, ਨਾਮ ਜਪ।
ਸਾਰ ਬਾਣੀ ਦਾ ਹੈ ਸਾਰਾ, ਗਲ ਇਹ,
ਹਰ ਸਫ਼ੇ 'ਤੇ ਹੀ ਲਿਖੀ ਹੈ, ਨਾਮ ਜਪ।
ਸਿਰ 'ਤੇ ਲਿਸ਼ਕਣ ਬਿਜਲੀਆਂ ਹੀ ਬਿਜਲੀਆਂ,
ਕਾਲ-ਨੇਰ੍ਹੀ ਸੂਕਦੀ ਹੈ, ਨਾਮ ਜਪ !
ਖ਼ਾਲਸਾ ਬਣ, ਭੇਖ ਨਾ ਕਰ ਏਸ ਦਾ,
ਇਹ ਉਧਾਰੀ ਜ਼ਿੰਦਗੀ ਹੈ, ਨਾਮ ਜਪ !
ਟੇਕਦੈਂ ਦੂਰੋਂ ਹੀ ਮੱਥਾ ਭੇੜਿਆ,
ਇਹ ਵੀ ਕੋਈ ਬੰਦਗੀ ਹੈ ? ਨਾਮ ਜਪ।
ਵੈਰ ਨਾ ਪਾ, ਪਿਆਰ ਕਰ ਹਰ ਸ਼ਖ਼ਸ ਨੂੰ,
ਈਰਖਾ ਵੀ ਤੋੜਦੀ ਹੈ, ਨਾਮ ਜਪ !
ਉਹ ਤਿਰਾ, ਤੂੰ ਉਸਦਾ ਸਕਦਾ ਹੈਂ ਬਣ,
ਨਾਮ ਪੱਕੀ ਦੋਸਤੀ ਹੈ, ਨਾਮ ਜਪ !
ਨਾ ਗੁਆ ਜੀਵਨ ਅਮੁੱਲਾ ਜਾ ਗੁਆ !
ਜੋੜਕੇ ਹੱਥ ਜੋਦੜੀ ਹੈ, ਨਾਮ ਜਪ !
ਆਤਮਾ ਪ੍ਰਮਾਤਮਾ ਬਣਦੀ ਤਦੋਂ,
ਓਸ ਥੀਂ ਜਦ ਲਿਪਟਦੀ ਹੈ, ਨਾਮ ਜਪ !
ਬਚ ਗਈ ਜੋ ਉਮਰ, ਲੇਖੇ ਲਾ ਉਹਦੇ,
ਝੂਰ ਨਾ ਜੋ ਖੁਰ ਗਈ ਹੈ, ਨਾਮ ਜਪ !
ਮੁਕਤ ਹੋਣਾ ਲੋਚਦੈਂ ਜੇ "ਬਾਦਲਾ" !
ਗਲ ਇਕੋ ਆਖਰੀ ਹੈ, ਨਾਮ ਜਪ !

478-ਡੀ,
ਭਾਈ ਰਣਧੀਰ ਸਿੰਘ ਨਗਰ,
ਲੁਧਿਆਣਾ—141001,

(ਸਫਾ 2 ਦੀ ਬਾਕੀ)

ਵਿਚ ਮਾਸੂਮ ਲੋਕਾਂ ਦੀਆਂ ਜਾਨਾਂ ਜਾਣ ਦਾ ਖਿਆਲ ਆਉਂਦਾ ਹੈ ਤਾਂ ਦਿਲ ਕੰਬ ਜਾਂਦਾ ਹੈ ਅਤੇ ਮਨ ਵਿਚ ਗੁੰਝਲ ਜਿਹਾ ਆ ਜਾਂਦਾ ਹੈ।

ਕੀ ਬਾਬਰ ਦੇ ਹਮਲੇ ਸਮੇਂ ਮਜ਼ਲੂਮਾਂ ਨੇ ਕੋਈ ਫਰਿਆਦ, ਜੋਦੜੀ ਜਾਂ ਅਰਦਾਸ ਨਹੀਂ ਕੀਤੀ ਹੋਵੇਗੀ? ਉਹਨਾਂ ਦੀ ਪੁਕਾਰ ਦਰਗਾਹ ਵਿਚ ਪ੍ਰਵਾਨ ਕਿਉਂ ਨਾ ਹੋਈ? ਇਥੋਂ ਤਕ ਕਿ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪ੍ਰਮਾਤਮਾ ਅੱਗੇ ਰੋਸ ਪ੍ਰਗਟ ਕਰਦਿਆਂ ਕਿਹਾ, "ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦ ਨਾ ਆਇਆ।" ਅਤੇ ਬਾਬਰ ਨੂੰ ਜਾਬਰ ਕਿਹਾ। ਬਾਬਰ ਦਾ ਕੁਝ ਨਹੀਂ ਵਿਗੜਿਆ। ਉਸ ਨੇ ਮੁਗਲੀਆ ਰਾਜ ਸਥਾਪਤ ਕੀਤਾ ਜੋ 1526 ਤੋਂ 1857 ਤਕ ਚਲਦਾ ਰਿਹਾ ਅਤੇ ਜ਼ੁਲਮ ਵੀ ਹੁੰਦੇ ਰਹੇ।

ਨੀਲਾ ਤਾਰਾ ਅਪਰੇਸ਼ਨ ਦੇ ਕੈਦੀ ਅਜੇ ਵੀ ਜੇਲ੍ਹਾਂ ਵਿਚ ਸੜ ਰਹੇ ਹਨ। 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਪਤਾ ਨਹੀਂ ਕਦੋਂ ਸਜ਼ਾਵਾਂ ਮਿਲਣਗੀਆਂ?

ਬੇਕਸੂਰ ਕਸ਼ਮੀਰੀ ਲੋਕ ਉਜੜ ਪੁਜੜ ਗਏ ਹਨ। ਬਹੁਤੇ ਮਾਰੇ ਵੀ ਗਏ ਹਨ। ਉਹਨਾਂ ਕਰਤੱਤਿਆਂ ਯਤਨਾ ਕੀਤੀ ਅਤੇ ਅਨੰਦਪੁਰ ਸਾਹਿਬ ਜਾ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਆਤਮਾ ਅਗੇ ਅਰਦਾਸ ਵੀ ਕੀਤੀ ਅਤੇ ਇਕ ਸ਼ਿਲਾ ਸਥਾਪਤ ਕੀਤੀ। ਜ਼ੁਲਮ ਦੀ ਅਜੇ ਵੀ ਕੋਈ ਹੱਦ ਨਹੀਂ।

ਕੀ ਅਰਦਾਸਾਂ ਵਿਚ ਕੋਈ ਕਮੀ ਰਹਿ ਜਾਂਦੀ ਹੈ? ਕੀ ਅਰਦਾਸਾਂ ਵਿਚ ਕੋਈ ਸ਼ਕਤੀ ਨਹੀਂ ਰਹੀ? ਕੀ 'ਤੈਂ ਕੀ ਦਰਦ ਨਾ ਆਇਆ।' ਵਾਲੀ ਗਲ ਹੈ? ਤੁੱਛ ਬੁਧੀ ਨੂੰ ਕੋਈ ਸਮਝ ਨਹੀਂ ਆਉਂਦੀ। ਉਸ ਦੀਆਂ ਉਹ ਹੀ ਜਾਣੇ।

ਉਪਰੋਕਤ ਕੁਝ ਆਪਾ ਵਿਰੋਧੀ ਵਿਚਾਰ ਹਨ। ਖਿਮਾ ਦਾ ਜਾਚਕ ਹਾਂ।

□

# ਸਿੱਖੀ ਵਿਚ ਅਰਦਾਸ ਦਾ ਮਹੱਤਵ

ਡਾ. ਜਸਵੰਤ ਸਿੰਘ ਨੇਕੀ

ਅਰਦਾਸ ਲਗਭਗ ਹਰ ਧਰਮ ਦਾ ਹੀ ਅੰਗ ਹੈ, ਪਰ ਸਿਖ ਧਰਮ ਵਿਚ ਇਸ ਨੂੰ ਉਚੇਰੀ ਸੰਸਥਾ ਦਾ ਦਰਜਾ ਪ੍ਰਾਪਤ ਹੈ ! ਸਿਖ ਨੂੰ ਕੋਈ ਭੀੜਾ ਬਣੇ, ਕੋਈ ਤਕਲੀਫ਼ ਆਵੇ, ਅਕਾਲ ਪੁਰਖ ਦਾ ਆਸਰਾ ਲੈਣ ਦਾ ਉਪਦੇਸ਼ ਹੈ। ਦੁਖ ਦਰਦ ਵੇਲੇ ਲੋੜ ਥੁੜ ਵੇਲੇ, ਤਾਂ ਅਰਦਾਸ ਹਰ ਕੋਈ ਕਰ ਲੈਂਦਾ ਹੈ, ਪਰ ਸਿਖ ਨੂੰ ਇਸ ਤੋਂ ਵੀ ਅੱਗੇ ਜ਼ਿੰਦਗੀ ਦੇ ਹਰ ਮਰਹਲੇ ਤੇ ਅਰਦਾਸ ਦਾ ਆਸਰਾ ਭਾਲਣ ਦਾ ਆਦੇਸ਼ ਹੈ।

ਸਿੱਖਾਂ ਦੀ ਰਵਾਇਤੀ ਅਰਦਾਸ ਦਰ-ਅਸਲ ਜਮਾਤੀ ਅਰਦਾਸ ਹੈ। ਆਤਮਕ ਪ੍ਰੇਰਨਾ ਦਾ ਬਹੁ-ਮੁਲਾ ਖ਼ਜ਼ਾਨਾ ਹੋਣ ਕਾਰਨ ਨਿਜੀ ਅਰਜ਼ੋਈਆਂ ਲਈ ਵੀ ਲੋਕਪ੍ਰੀਯ ਹੋ ਗਈ ਹੈ ਸ਼ਾਇਦ ਇਸੇ ਕਾਰਨ ਨਿਰੋਲ ਸ਼ਖ਼ਸੀ, ਕੇਵਲ ਨਿਜੀ ਅਰਦਾਸ ਦਾ ਰਿਵਾਜ ਕਦਰੇ ਘਟ ਜਾਪਦਾ ਹੈ। ਪਰ ਰਹੱਸ ਦੇ ਮਾਰਗ ਤੇ ਤੁਰਨ ਵਾਲੇ ਜਾਣਦੇ ਹਨ ਕਿ ਸੱਚੇ ਜਿਗਿਆਸੂ ਦਾ ਨਿਜੀ ਅਰਦਾਸ ਬਾਝੋਂ ਗੁਜ਼ਰਾ ਨਹੀਂ ਹੋ ਸਕਦਾ।

ਜੇਕਰ ਘੋੜੇ ਤੇ ਚੜ੍ਹਨ ਲਗਿਆਂ, ਰਕਾਬ ਤੇ ਪੈਰ ਰਖਦਿਆਂ, ਕੋਈ ਸੂਰਬੀਰ ਇਤਨਾ ਆਖ ਲੈਂਦਾ ਹੈ : "ਹੇ ਨੀਲੇ ਘੋੜੇ ਵਾਲਿਆ, ਆਪਣੇ ਦਾਸ ਦੀ ਰਖਿਆ ਕਰੀਂ", ਤਾਂ ਇਹ ਆਪਣੇ ਆਪ ਵਿਚ ਮੁਕੰਮਲ ਅਰਦਾਸ ਹੈ। ਸਫ਼ਰ ਜਾਣ ਲਗਿਆਂ, ਨਵੇਂ ਘਰ ਪ੍ਰਵੇਸ਼ ਕਰਨ ਲਗਿਆਂ, ਕੋਈ ਕਾਰੋਬਾਰ ਸ਼ੁਰੂ ਕਰਨ ਲਗਿਆਂ, ਇਥੋਂ ਤਕ ਕਿ ਦੋਏ ਵੇਲੇ ਪ੍ਰਸਾਦਾ ਛਕਣ ਲਗਿਆਂ ਵੀ ਸਿੱਖ ਨੂੰ ਅਰਦਾਸ ਦਾ ਆਸਰਾ ਲੈਣਾ ਬਣਦਾ ਹੈ। ਬੱਚੇ ਦੇ ਜਨਮ ਤੇ ਸ਼ੁਕਰਾਨੇ ਵਜੋਂ, ਉਸ ਦੇ ਨਾਮ-ਸੰਸਕਾਰ ਵੇਲੇ, ਪੜ੍ਹਨੇ ਪੈਣ ਲਗਿਆਂ, ਕੁੜਮਾਈ ਵਿਆਹ ਵੇਲੇ, ਜਾਂ ਕਿਸੇ ਪ੍ਰਾਣੀ ਦੇ ਅਕਾਲ ਚਲਾਣੇ ਉਪਰੰਤ, ਜ਼ਿੰਦਗੀ ਦੇ ਹਰ ਪੜਾ, ਹਰ ਮਰਹਲੇ ਤੇ ਅਰਦਾਸ ਦਾ ਹੀ ਆਸਰਾ ਲਿਆ ਜਾਂਦਾ ਹੈ। ਇਹ ਤਾਂ ਹੋਈ ਸੰਸਾਰਕ ਰਸਮਾਂ ਸੰਸਕਾਰਾਂ ਦੀ ਗੱਲ। ਧਾਰਮਕ ਰਸਮਾਂ ਤਾਂ ਅਰਦਾਸ ਤੋਂ ਬਿਨਾ ਹੋ ਹੀ ਨਹੀਂ ਸਕਦੀਆਂ। ਨਿਤ-ਨੇਮ ਮਗਰੋਂ, ਕੀਰਤਨ ਕਥਾ ਆਦਿ ਦੀ ਸਮਾਪਤੀ ਉਪਰੰਤ, ਭੁੱਲਾਂ ਬੇਅਦਬੀਆਂ ਬਖ਼ਸ਼ਾਉਣ ਹਿਤ, ਅੰਮ੍ਰਿਤ ਛਕਾਉਣ ਲਗਿਆਂ, ਧਰਮ ਯੁਧ ਵਿਚ ਜੂਝਣ ਲਗਿਆਂ, ਹਰ ਵੇਲੇ ਅਰਦਾਸ ਦਾ ਵਿਧਾਨ ਹੀ ਮੁਕੱਰਰ ਹੈ।

ਹੋ ਸਕੇ ਤਾਂ ਸਿਖ ਕੀਰਤਨ ਵੀ ਕਰਵਾਉਂਦਾ ਹੈ; ਗੁਰੂ-ਸੰਗਤ ਦੀ ਹਾਜ਼ਰੀ ਵੀ ਭਰਦਾ ਹੈ, ਪਰ ਅਰਦਾਸ ਨੂੰ ਕਦੇ ਨਜ਼ਰ-ਅੰਦਾਜ਼ ਨਹੀਂ ਕਰਦਾ। ਇਸ ਲਈ, ਕਿਉਂ ਕਿ ਉਸ ਦਾ ਆਸ਼ਾ ਹੈ :

> ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।
> ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।
>
> —ਸਿਰੀ ਰਾਗ ਵਾਰ ਮ: ੪ (91/6

ਸਤਿਗੁਰੂ ਨੂੰ ਸਾਖੀ ਕਰਦਿਆਂ, ਅਰਦਾਸ ਮਗਰੋਂ ਉਹ ਗੁਰੂ ਦਾ ਹੁਕਮਨਾਮਾ ਵੀ ਸੁਣਦਾ ਹੈ, ਪਰ ਅਰਦਾਸ ਦਾ ਆਸਰਾ ਅਵੱਸ਼ ਲੈਂਦਾ ਹੈ। ਜਾਪਦਾ ਹੈ ਸਿਖਾਂ ਲਈ ਜੀਵਨ ਦੇ ਹਰ ਪਹਿਲੂ, ਹਰ ਪੜਾ ਉਤੇ ਅਰਦਾਸ ਦੀ ਛਾਂ ਹੈ। ਸਿਖਾਂ ਦੇ ਸਮੁੱਚੇ ਜੀਵਨ ਨੂੰ ਇਸ ਦੀ ਪਨਾਹ ਹੈ।

ਸਿਖਾਂ ਨੂੰ ਥਿੱਤਾਂ-ਵਾਰਾਂ, ਲਗਨਾਂ-ਗ੍ਰਹਿਆਂ, ਸਾਹਿਆਂ ਆਦਿ ਦੇ ਚੱਕਰ ਵਿਚ ਪੈਣ ਦੀ ਮਨਾਹੀ ਹੈ। ਉਸ ਦੇ ਲਈ ਤਾਂ ਕੇਵਲ ਅਰਦਾਸ ਦਾ ਆਸਰਾ ਤਜਵੀਜ਼ ਕੀਤਾ ਗਿਆ ਹੈ :

> ਸਿਖ ਅਨਿੰਨ ਪੰਡਿਤ ਦਿਖ ਐਸੇ।
> ਗ੍ਰਹਿ ਤਿਥ ਵਾਰ ਜਾਨ ਨਹਿ ਕੈਸੇ।
> ਏਕ ਭਰੋਸਾ ਪ੍ਰਭ ਕਾ ਪਾਇ।
> ਤਯਾਗ ਲਗਨ ਅਰਦਾਸ ਕਰਾਏ।
>
> — ਗੁਰ ਬਿਲਾਸ ਪਾਤਸ਼ਾਹੀ ਛੇਵੀ, ਅ: 6. (138, 140)

ਰਹਿਤਨਾਮਿਆਂ ਵਿਚ ਥਾਂ ਪਰ ਥਾਂ ਸਿਖ ਲਈ ਆਪਣੇ ਕਾਰਜਾਂ ਦਾ ਆਰੰਭ ਅਰਦਾਸ ਨਾਲ ਕਰਨ ਦਾ ਆਦੇਸ਼ ਹੈ। :

—"ਭਰਿਭਾਤ ਹੋਵੇ ਤੇ ਜਿਥੇ ਸ਼ਬਦ ਦੀਵਾਨ ਹੋਵੇ ਤਾਂ ਜਾਵੇ ਮਥਾ ਟੇਕੇ ਸ਼ਬਦ ਸੁਣੇ ਪੜ੍ਹੇ। ਅਰਦਾਸ ਪਾਵੇ ਤਾਂ ਆਪਣੀ ਕਿਰਤ ਨੂੰ ਜਾਵੇ।"

—"ਅਰਦਾਸ ਸੇ ਕਾਰਜ ਕਰੇ ਮਨ ਗਰੋਂ ਮੇ ਰਾਖੇ ਵੰਡ ਖਾਇ।"

—"ਕਾਰਜੋਂ ਕੇ ਆਦਿ ਮੇਂ ਅਰਦਾਸ ਕਰੇ।"

—"ਗੁਰੂ ਕਾ ਸਿਖ ਕਿਤੇ ਕਾਰਜ ਜਾਏ ਦੇਸ ਅਥਵਾ ਪਰਦੇਸ ਆਪਣੇ ਗੁਰੂ ਦੀ ਅਰਦਾਸ ਕਰ ਕੇ ਟੁਰੇ।"

ਇਥੋਂ ਤੀਕ ਵੀ ਕਿਹਾ ਹੈ ਕਿ ਜੇਕਰ ਸਿਖ ਅਰਦਾਸ ਬਿਨਾਂ ਕੰਮ ਤੇ ਜਾਂਦਾ ਹੈ ਤਾਂ ਸਤਿਗੁਰਾਂ ਨੂੰ ਭਉਂਦਾ ਨਹੀਂ:

ਅਰਦਾਸ ਬਿਨਾਂ ਜੇ ਕਾਜ ਸਿਧਾਵੇ,
ਗੋਬਿੰਦ ਸਿੰਘ ਵਾਹ ਸਿਖ ਨ ਭਾਵੇ।

ਇਸ ਤੋਂ ਵੀ ਉਪਰ ਇਹ ਕਿਹਾ ਹੈ ਕਿ "ਗੁਰੂ ਕੀ ਅਰਦਾਸੋਂ ਮੁੜੇ ਸੋ ਤਨਖਾਹੀਆ।

ਅਰਦਾਸ ਮਨ ਚਿਤ ਲਾ ਕੇ ਕਰਨ ਦਾ ਆਦੇਸ਼ ਹੈ। ਜੇਕਰ ਮਨ ਹੋਰਥ ਦੌੜਦਾ ਹੋਵੇ ਤਾਂ ਅਰਦਾਸ ਹੋਏ ਕਿਵੇਂ

"ਵੇਈਂ ਨਦੀ ਵਿਚ ਪ੍ਰਵੇਸ਼ ਤੋਂ ਬਾਅਦ ਜਦ ਗੁਰੂ (ਬਾਬਾ ਨਾਨਕ) ਜੀ ਪਰਗਟ ਹੋਏ ਤਾਂ ਕਾਜ਼ੀ ਨਾਲ ਗੁਰੂ ਜੀ ਦੀ ਗਲ ਬਾਤ ਹੋਈ। ਨਿਮਾਜ਼ ਪੜ੍ਹਦੇ ਕਾਜ਼ੀ ਨੂੰ ਵੇਖ ਕੇ ਸਤਿਗੁਰੂ ਜੀ ਹੱਸ ਪਏ। ਇਸ ਦੀ ਜ਼ਿਕਰ ਇਤ ਕਾਜ਼ੀ ਨੇ ਨਵਾਬ ਦੌਲਤ ਖ਼ਾਨ ਪਾਸ ਕੀਤੀ। ਪੁਛਣ ਤੇ ਗੁਰੂ ਸਾਹਿਬ ਨੇ ਉੱਤਰ ਦਿਤਾ ...'ਕਾਜ਼ੀ ਕੀ ਨਿਵਾਜ ਕਬੂਲ ਨਾਹੀ ਪਈ ਹੈ।' ਨਵਾਬ ਨੇ ਪ੍ਰਸ਼ਨ ਕੀਤਾ ਕਿ 'ਕਿਉਂ ਨਹੀਂ ਪਈ?' ਤਾਂ ਬਾਬੇ ਨਾਨਕ ਜੀ ਕਹਿਆ: 'ਖ਼ਾਨ ਜੀ ਜਬ ਇਹ ਨਿਵਾਜ ਉਪਰਿ ਖੜਾ ਥਾ ਤਬਿ ਇਨ ਕਾ ਮਨ ਠਉਰ ਨ ਥਾ, ਇਨ ਕੀ ਘੋੜੀ ਸੂਈ ਥੀ, ਵਛੇਰੀ ਜਮੀ ਥੀ, ਅਰ ਵਛੇਰੀ ਛਡ ਕਰ ਆਇਆ ਥਾ। ਅਰ ਵੇੜੇ ਵਿਚ ਸੁਈ ਥੀ। ਅਰੁ ਇਨ ਕਹਿਆ, ਮਤੁ ਵਛੇਰੀ ਖੂਈ ਵਿਚ ਪਉਂਦੀ ਹੋਵੇ। ਇਨ ਕਾ ਮਨ ਉਹਾ ਗਇਆ ਆਹਾ। ਇਸ ਕੀ ਨਿਮਾਜ਼ ਕਬੂਲ ਨਹੀਂ ਪੜੀ।"

ਅਰਦਾਸ ਤਾਂ ਜੁੜੇ ਮਨ ਦੀ ਅਰਜ਼ੋਈ ਹੈ। ਇਸੇ ਲਈ ਆਦੇਸ਼ ਹੈ:

'ਅਰਦਾਸ ਮਨ ਚਿਤ ਲਾਇ ਕੇ ਕਰਨ ਕਾਰਜ ਸਿਧ ਹੋਵੇ।'

ਪਰ ਅਰਦਾਸ ਕਰਨ ਵਾਸਤੇ ਵੀ ਮਾਲਕ ਦੀ ਬਖ਼ਸ਼ਿਸ਼ ਚਾਹੀਦੀ ਹੈ। ਸਿਦਕ ਤੇ ਨਿਸ਼ਚਾ ਉਸੇ ਦੀ ਦਾਤ ਹਨ, ਤੇ ਇਹਨਾਂ ਬਾਝੋਂ ਅਰਦਾਸ ਕਹੀ? ਅਰਦਾਸ ਦੇ ਘਰ ਵਿਚ ਆਉਣ ਲਈ ਵੀ ਮਾਲਕ ਦੀ ਨਦਰ ਲਾਜ਼ਮੀ ਹੈ।

ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ।
ਤਾਂ ਮੈਂ ਕਹਿਆ ਕਹਣੁ ਜਾ ਤੁਝੈ ਕਹਾਇਆ।

ਵਡਹੰਸ ਮ: ੧ (566/4)

ਅਰਦਾਸ ਤਾਂ ਸ਼ੁਰੂ ਹੀ ਸ਼ੁਕਰਾਨੇ ਦੀ ਭਾਵਨਾ ਨਾਲ ਹੋ ਸਕਦੀ ਹੈ: 'ਮਾਲਕ ਤੇਰਾ ਧੰਨਵਾਦ ਹੈ, ਤੂੰ ਮੇਰੇ ਮਨ ਨੂੰ ਅਰਦਾਸ ਵਲ ਪ੍ਰੇਰਿਆ ਹੈ।' ਸ਼ੁਕਰਾਨੇ ਦੇ ਭਾਵ ਤਾਂ ਕਦਮ ਕਦਮ ਤੇ ਸਾਡੇ ਅੰਦਰੋਂ ਜਾਗ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖੇ ਆਪਣੇ ਫ਼ਾਰਸੀ ਪ੍ਰਤ੍ਰ ਵਿਚ ਕਿਹਾ ਹੈ:

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ।
ਕਿ ਮਾ ਰਾ ਨਿਗਾਹਸਤ ਯਜ਼ਦਾਂ ਸ਼ੁਕਰ।

—ਜ਼ਫ਼ਰਨਾਮਾ,੧੦੨

ਅਰਥਾਤ: ਜੇਕਰ ਤੇਰੀ ਨਜ਼ਰ ਆਪਣੇ ਲਸ਼ਕਰਾਂ ਤੇ ਖ਼ਜ਼ਾਨਿਆਂ ਉਪਰ ਹੈ, ਤਾਂ ਮੇਰੀ ਨਿਗਾਹ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਲ ਹੈ।

ਅਰਦਾਸ ਵਿਚ ਜੋਦੜੀ ਦਰਕਾਰ ਹੈ, ਬਹੁਤੇ ਸ਼ਬਦ ਨਹੀਂ। ਅਰਦਾਸ ਭਾਵ-ਪੂਰਤ ਹੋਵੇ-ਭਾਵੇਂ ਸੰਖੇਪ ਹੋਵੇ। ਜਿਤਨੀ ਲਫ਼ਾਜ਼ੀ ਵਧ ਹੋਵੇ, ਉਤਨੀ ਭਾਵਨਾ ਘਟ ਹੁੰਦੀ ਹੈ। ਲੰਮੀਆਂ ਅਰਦਾਸਾਂ ਵਿਚ ਦੰਭ ਦੇ ਆਣ ਵੜਨ ਦਾ ਤੌਖਲਾ ਰਹਿੰਦਾ ਹੈ।

ਗੁਰੂ ਪ੍ਰਤਾਪ ਸੂਰਜ ਵਿਚ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਗ੍ਰਿਹਸਤੀ ਜੀਵਨ ਦੀਆਂ ਆਸ਼ਾਵਾਂ ਦੀ ਪੂਰਤੀ ਹਿਤ ੧੦੧ ਪ੍ਰਕਾਰ ਦੀਆਂ ਅਰਦਾਸਾਂ ਰੂਪਮਾਨ ਕੀਤੀਆਂ। ਆਰੰਭ ਵਿਚ ਉਹਨਾਂ ਦ੍ਰਿੜ ਕਰਵਾਇਆ ਕਿ—

ਰਹਿਤ ਅਰਦਾਸ ਭੇਵ ਜੋ ਜਾਨੈ। ਕਿਆ ਕਰਿ ਹੈ ਤਬਿ ਮੰਤ੍ਰ ਮਹਾਨੈ।

— ਗੁਰ ਪ੍ਰਤਾਪ ਸੂਰਜ

ਅਰਥਾਤ: ਜੋ ਅਰਦਾਸ ਦੀ ਰਹਿਤ ਦਾ ਭੇਦ ਜਾਣਦਾ ਹੈ, ਉਸ ਦੇ ਟਾਕਰੇ ਤੇ ਵੱਡੇ ਵੱਡੇ ਮੰਤ੍ਰ ਕੁਝ ਨਹੀਂ ਕਰ ਸਕਦੇ।

ਅਰਦਾਸ ਖ਼ਾਲਸਾ ਜੀ ਦੇ ਸਿਦਕ ਦੀ ਸਜੀਵ ਦਾਸਤਾਨ ਹੈ। ਉਸ ਦੇ ਆਤਮਕ ਉਮਾਹ ਦਾ ਸੰਖੇਪਿਆ ਇਤਿਹਾਸ ਹੈ। ਉਸ ਦੀ ਇਖ਼ਲਾਕੀ ਸੁੰਦਰਤਾ ਦੀ ਮੌਲਿਕ ਦਸਤਾਵੇਜ਼ ਹੈ। ਪ੍ਰਭੂ ਦੀ ਸਾਖਿਆਤ ਅਨੁਭਵ ਸਿਧੀ ਵਿਚ ਅਰਦਾਸ ਦਾ ਸਭ ਤੋਂ ਵੱਡਾ ਹੱਥ ਹੈ।

The Sikh Review

**116 Karnani Mansion**
**25-A, Park Steet, Calcutta 700016**

# ਸੰਤ-ਸਿਪਾਹੀ, ਸ਼ਾਇਰ ਅਤੇ ਸੰਗੀਤਕਾਰ-ਗੁਰੂ ਗੋਬਿੰਦ ਸਿੰਘ

ਹਰਿੰਦਰਪਾਲ ਸਿੰਘ ਐਮ.ਏ.(ਸੰਗੀਤ) ਬੀ.ਐਡ.

ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਜੋਤ ਨੇ ਜਿਥੇ ਜੀਵਨ ਦੇ ਅਗਿਆਨ ਅੰਧਕਾਰਾਂ ਨੂੰ ਮੇਟ ਕੇ ਮਨੁੱਖੀ ਸਮਾਜ ਨੂੰ ਨਵਾਂ ਚਾਨਣ ਬਖਸ਼ਿਆ, ਨਿਰਭਉ ਤੇ ਨਿਰਵੈਰ ਹੋਣ ਦਾ ਮਹਾਂ ਮਾਨਵੀ ਮਾਰਗ ਸੁਝਾਇਆ ਉਥੇ ਜਪ, ਤਪ, ਸੰਜਮ ਅਧਿਆਤਮਿਕਤਾ, ਕੁਰਬਾਨੀ, ਧਰਮ, ਕਰਮ, "ਤੇਰੇ ਭਾਣੇ ਸਰਬੱਤ ਦਾ ਭਲਾ" ਕਲਾ ਤੇ ਸੰਸਕ੍ਰਿਤੀ ਦੇ ਰੂਪ ਵਿਚ ਵੀ ਨਵੇਂ ਚਮਤਕਾਰ ਕਰ ਵਖਾਏ। ਸੂਰਜ ਦੀਆਂ ਰਿਸ਼ਮਾਂ ਗਿਣਨੀਆਂ ਸ਼ਾਇਦ ਸੰਭਵ ਹੋ ਜਾਣ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸਖਸ਼ੀਅਤ ਨੂੰ ਬਿਆਨਣ ਦਾ ਯਤਨ ਮਨੁੱਖੀ ਜ਼ਬਾਨ ਲਈ ਅਸੰਭਵ ਹੈ। ਗੁਰਬਾਣੀ ਵਿਚ ਗੁਰੂ ਦੀ ਅਗਮ ਅਪਾਰ ਸ਼ਖਸੀਅਤ ਨੂੰ ਬਾਰ ਬਾਰ ਸਾਗਰ ਨਾਲ ਉਪਮਾਇਆ ਹੈ।

"ਗੁਰ ਸਾਗਰ ਰਤਨੀ ਭਰਪੂਰੇ
ਅੰਮ੍ਰਿਤ ਸੰਤ ਚੁਗਹਿ ਨਹੀ ਦੂਰੇ"

ਗੁਰੂ ਗੋਬਿੰਦ ਸਿੰਘ ਜੀ 17ਵੀਂ ਸਦੀ ਦੇ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਹੋਏ ਹਨ ਜਿਹਨਾਂ ਰੂਹਾਨੀ ਸਤਿਗੁਰੂ, ਸੁਤੰਤਰਤਾ ਸੰਗਰਾਮੀਏ ਤੇ ਉੱਚੇ ਸੁਚੇ ਸਾਹਿਤਕਾਰ ਹੁੰਦਿਆਂ ਮਨੁੱਖੀ ਸੰਸਕ੍ਰਿਤੀ ਦੇ ਵਿਕਾਸ ਵਿਚ ਮਹਾਨ ਹਿੱਸਾ ਪਾਇਆ। ਉਹਨਾਂ ਦੀ ਚੜ੍ਹਦੀ ਕਲਾ ਵਾਲਾ ਸੁਹਜ ਸੁਆਦ ਭਰਿਆ ਸੰਤ-ਸਿਪਾਹੀ ਜੀਵਨ ਤੇ ਬਲਵਾਨ ਸੁਰ ਵਾਲੀ ਜਲਾਲ ਭਰੀ ਬਾਣੀ, ਸੁਖਮਤਾ ਨਾਲ ਓਤ ਪੋਤ ਸੰਗੀਤ ਅਜ ਵੀ ਸ਼ਕਤੀ ਪ੍ਰਦਾਨ ਕਰਨ ਦੇ ਸਮਰੱਥ ਹੈ ਲੋੜ ਇਸ ਜੀਵਨ ਦੀ ਇਤਿਹਾਸਕ ਤਸਵੀਰ ਨੂੰ ਗਹੁ ਨਾਲ ਤੱਕਣ ਦੀ ਹੈ ਤਾਂ ਕਿ ਉਹਨਾਂ ਦਾ ਕਰਮਯੋਗ ਪੂਰੀ ਤਰ੍ਹਾਂ ਮੂਰਤੀਮਾਨ ਹੋ ਸਕੇ। ਅਧਿਕਤਰ ਲੋਕਾਂ ਦੀ ਸੋਚ ਹੈ ਕਿ ਗੁਰੂ ਸਾਹਿਬ ਇਕ ਜੰਗਜੂ ਸਿਪਾਹੀ ਹੀ ਹੋਏ ਹਨ ਪ੍ਰੰਤੂ ਇਤਿਹਾਸ ਦੇ ਪੰਨਿਆਂ ਤੇ ਝਾਤ ਮਾਰਿਆਂ ਇਹ ਗੱਲ ਸੁਤੇ ਸਿੱਧ ਸਪਸ਼ਟ ਹੋ ਜਾਂਦੀ ਹੈ ਕਿ ਆਪ ਤਾਂ ਲਲਿਤ ਕਲਾਵਾਂ ਦੇ ਮੁਜੱਸਮੇ ਸਨ।

## ਸੰਤ – ਸਿਪਾਹੀ

ਮਨੁੱਖ ਅੰਦਰ ਦੋ ਤਰ੍ਹਾਂ ਦੀ ਸ਼ਕਤੀ ਹੈ ਇਕ ਮਨ ਦੀ ਸ਼ਕਤੀ ਦੂਜੀ ਸਰੀਰਕ। ਬਲਵਾਨ ਆਦਮੀ ਆਪਣੀ ਸਰੀਰਿਕ ਸ਼ਕਤੀ ਭੀੜ ਪੈਣ ਤੇ ਦੂਣੀ ਚੌਣੀ ਕਰ ਲੈਂਦਾ ਹੈ ਪਰ ਕਮਜ਼ੋਰ ਮਨ ਵਾਲਾ ਭਾਵੇਂ ਸਰੀਰਿਕ ਤੌਰ ਤੇ ਬਲਵਾਨ ਹੁੰਦਿਆਂ ਵੀ ਭੀੜ ਦਾ ਸਾਹਮਣਾ ਕਰਨੋ ਕਈ ਵਾਰ ਪਿਛੇ ਹਟ ਜਾਂਦਾ ਹੈ ਤੇ ਉਸ ਤੇ ਕਮਜ਼ੋਰ ਸ਼ਤਰੂ ਵੀ ਗਲਬਾ ਪਾ ਲੈਂਦਾ ਹੈ ਪ੍ਰੰਤੂ ਮਨ ਬਲਵਾਨ ਹੁੰਦਾ ਹੈ ਧਰਮ ਦੇ ਸਿੱਧੇ ਰਾਹ ਤੇ ਚਲਿਆਂ ਧਰਮ ਮਨੁੱਖ ਨੂੰ ਪਰਮਾਤਮਾ ਨਾਲ ਜੋੜਦਾ ਹੈ। ਗੁਰੂਆਂ, ਪੀਰਾਂ ਤੇ ਧਾਰਮਿਕ ਅਵਤਾਰਾਂ ਦੇ ਸੰਸਾਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਵਿਅਕਤੀਤਵ ਬਿਲਕੁਲ ਬਚਿੱਤ੍ਰ ਭਾਂਤ ਦਾ ਬੇਮਿਸਾਲ ਹੈ। ਆਪ ਨੇ ਆਪਣੀ ਆਤਮ ਕਥਾ ਲਿਖਦਿਆਂ ਦਸਿਆ ਕਿ ਉਹਨਾਂ ਨੂੰ ਤਪ ਕਰਦਿਆਂ ਨੂੰ ਬੁਲਾਇਆ ਗਿਆ। ਆਪ ਪੂਰਬਲੇ ਜਨਮ 'ਚ ਹੇਮ ਕੁੰਟ 'ਚ ਤਪੱਸਿਆ ਕਰਨ ਬਾਰੇ ਦੱਸਦੇ ਹਨ ਕਿ ਪ੍ਰਭੂ ਬੰਦਗੀ 'ਚ ਇਤਨੇ ਲੀਨ ਹੋ ਗਏ ਕਿ ਪ੍ਰਭੂ ਦਾ ਹੀ ਰੂਪ ਹੋ ਗਏ।

ਇਨ ਬਿਧਿ ਕਰਤ ਤਪੱਸਿਆ ਭਯੋ,
ਦ੍ਵੈ ਤੇ ਏਕ ਰੂਪ ਹੈ ਗਯੋ॥

ਆਪ ਦੀ ਸੁਰਤ ਪ੍ਰਭੂ ਚਰਨਾਂ 'ਚ ਇਤਨੀ ਅਲੰਕ੍ਰਿਤ ਹੋ ਗਈ ਕਿ ਆਪ ਦਾ ਮਾਤ ਲੋਕ 'ਚ ਆਉਣ ਨੂੰ ਜੀਅ ਨਹੀਂ ਕਰਦਾ ਸੀ।

"ਚਿਤਿ ਨ ਭਯੋ ਹਮਰੋ ਆਵਨ ਕੋ,
ਚੁਭੀ ਰਹੀ ਸੁਰਤ ਪ੍ਰਭ ਚਰਨਨ ਮੈਂ"

ਆਪ ਲਿਖਦੇ ਹਨ ਕਿ ਪ੍ਰਮਾਤਮਾ ਨੇ ਉਹਨਾਂ ਨੂੰ ਆਪਣਾ ਸਪੁੱਤਰ ਥਾਪ ਕੇ ਸੰਸਾਰ ਵਿਚ ਭੇਜਿਆ। ਆਪ ਪ੍ਰਮਾਤਮਾ ਦਾ ਇਕ ਮਿਸ਼ਨ ਲੈ ਕੇ ਸੰਸਾਰ ਵਿਚ ਆਏ। ਮਾਤ ਲੋਕ ਵਿਚ ਆਉਣ ਦੇ ਮਨੋਰਥ ਬਾਰੇ ਆਪ ਸਪਸ਼ਟ ਸ਼ਬਦਾਂ ਵਿਚ ਬਿਆਨ ਕਰਦੇ ਹਨ:

"ਹਮ ਇਹ ਕਾਜ ਜਗਤ ਮੋ ਆਏ,
ਧਰਮ ਹੇਤ ਗੁਰਦੇਵ ਪਠਾਏ।"
"ਧਰਮ ਚਲਾਵਨ ਸੰਤ ਉਬਾਰਨ,
ਦੁਸ਼ਟ ਸਭਨ ਕੋ ਮੂਲ ਉਪਾਰਨ।"

ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਵਾਹਿਗੁਰੂ ਨੇ "ਧਰਮ ਚਲਾਵਨ, ਸੰਤ ਉਬਾਰਨ" ਲਈ ਸੰਸਾਰ ਵਿੱਚ ਭੇਜਿਆ ਗੁਰਬਾਨੀ ਵਿਚ ਸੰਤ ਦੀ ਮਹਿਮਾ ਦਾ ਬਾਰ ਬਾਰ ਵਰਣਨ ਆਉਂਦਾ ਹੈ।

"ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਇ" ਗੁਰੂ ਸਾਹਿਬ ਨੇ ਸਮੁਚੇ ਜੀਵਨ 'ਚ ਸੰਤ ਦਾ ਮਾਰਗ ਅਪਨਾਉਂਦਿਆਂ ਮਨੁੱਖਤਾ ਨੂੰ ਧਾਰਮਿਕ ਸੇਧ ਦਿਤੀ।

ਗੁਰੂ ਸਾਹਿਬ ਇਕ ਮਹਾਨ ਸੰਤ ਹੁੰਦਿਆਂ ਆਪਣੇ ਜ਼ਮਾਨੇ ਦੇ ਇਕ ਖੜਗਧਾਰੀ ਸੈਨਾਪਤੀ ਵੀ ਸਨ ਜਿਨ੍ਹਾਂ ਸੰਸਾਰ ਦੀ ਰਣਭੂਮੀ ਵਿਚ ਮਰਦਾਂ ਵਾਂਗ ਜੂਝ ਕੇ ਭਾਰਤੀ ਸੰਸਕ੍ਰਿਤੀ ਨੂੰ ਸੁਰੱਖਿਆ ਤੇ ਸਵੈਮਾਨ ਦਾ ਜੀਵਨ ਬਖਸ਼ਿਆ। ਆਪ ਦੀ ਇਹ ਸੈਨਾਪਤੀ ਸਖਸੀਅਤ ਇਕ ਤਰ੍ਹਾਂ ਆਪ ਦੇ ਆਤਮਿਕ ਜਲਾਲ ਦਾ ਪ੍ਰਗਟਾਵਾ ਸੀ ਜੋ 'ਸ਼ੁਭ ਕਰਮ' ਲਈ ਉਮਰ ਭਰ ਜੂਝਦੀ ਰਹੀ ਤੇ ਸਿੱਖਾਂ ਨੂੰ ਦੱਸਦੀ ਰਹੀ ਕਿ ਕਿਵੇਂ ਧਰਮ ਯੁੱਧ ਦੇ ਚਾਅ ਨਾਲ ਲੜਨਾ ਜੀਵਨ ਦਾ ਜ਼ਰੂਰੀ ਕਰਤਵ ਹੈ। ਆਮ ਫੌਜੀ ਜਰਨੈਲ ਕਿਸੇ ਨੂੰ ਦਬਾਉਣ, ਗੁਲਾਮ ਬਣਾਉਣ, ਗੁਲਾਮ ਬਣਾਉਣ ਯਾ ਮੁਲਕ ਗੀਰੀ ਲਈ ਹੀ ਤੇਗਾਂ ਵਾਹੁੰਦੇ ਆਏ ਹਨ ਪਰ ਗੁਰੂ ਸਾਹਿਬ ਨੇ ਨੇਕੀ ਲਈ ਮੋਰਚੇ ਜਿੱਤਣ ਦੇ ਪੂਰਨੇ ਪਾ ਕੇ ਮਨੁੱਖਤਾ ਨੂੰ ਨਵੀਂ ਦਿਸ਼ਾ ਦਿਖਾਈ ਕਿ ਸੰਘਰਸ਼ ਗਤੀਸ਼ੀਲਤਾ ਬਿਨਾਂ ਜਿੰਦਗੀ ਦੇ ਵਿਕਾਸ ਨੂੰ ਅਗੇ ਨਹੀਂ ਤੋਰਿਆ ਜਾ ਸਕਦਾ ਤੇ ਇਸ ਮਾਰੂ ਸ਼ਕਤੀ ਨੂੰ ਉਸਾਰੂ ਪਾਸੇ ਵਲ ਲਾ ਕੇ ਮਾਨਵ ਸੰਸਕ੍ਰਿਤੀ ਦਾ ਬਗੀਚਾ ਹਰ ਪ੍ਰਕਾਰ ਸੁਰੱਖਿਅਤ ਤੇ ਪ੍ਰਫੁਲਤ ਕਰਨਾ ਸਾਡਾ ਪਰਮ ਧਰਮ ਹੈ ਆਪ ਨੇ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਿਰਜਣਾ ਕਰਕੇ :

"ਖਾਲਸਾ ਅਕਾਲ ਪੁਰਖ ਕੀ ਫੌਜ, ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ" ਦਾ ਮਾਣ ਬਖਸ਼ਿਆ। ਇਤਿਹਾਸ ਗਵਾਹ ਹੈ ਕਿ ਸਿੰਘਾਂ ਨੇ ਤੇਗ ਨੂੰ ਦੀਨ ਰਖਿਆ ਤੇ ਦੁਸ਼ਟ ਹਤਿਆ ਲਈ ਹੀ ਮਿਆਨੋਂ ਬਾਹਰ ਕਢਿਆ ਕਈ ਵਾਰ ਰੂਹਾਨੀਅਤ ਦੇ ਸਤਿਗੁਰੂ ਦਾ ਇਹ ਕਰਮ ਕੁਝ ਲੋਕਾਂ ਵਲੋਂ ਸ਼ੰਕਾ ਦੀ ਨਜ਼ਰ ਨਾਲ ਵੇਖਿਆ ਗਿਆ ਪਰ ਇਤਿਹਾਸਕ ਹਕੀਕਤ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਆਖਿਰ ਜਾਬਰ ਤਲਵਾਰ ਨਾਲ ਕਿਵੇਂ ਸਿਝਿਆ ਜਾ ਸਕਦਾ ਸੀ ਜੇਕਰ ਗੁਰੂ ਜੀ ਭਾਰਤੀ ਲੋਕਾਂ ਦੇ ਹੱਥ ਤਲਵਾਰ ਦੇ ਪੰਜਾਬ ਵਿਚ ਲੋਹੇ ਦੀ ਦੀਵਾਰ ਖੜੀ ਨਾ ਕਰਦੇ ਤਾਂ ਨਾਦਰ ਯਾ ਅਬਦਾਲੀ ਦੇ ਹਮਲਿਆਂ ਤੋਂ ਮੁਲਕ ਨੂੰ ਬਚਾਉਣਾ ਅਸੰਭਵ ਹੀ ਸੀ ਤੇ ਇਸਦਾ ਲਾਜ਼ਮੀ ਨਤੀਜਾ ਸਾਡੀ ਸਭਿਅਤਾ ਦਾ ਸਰਵਨਾਸ਼ ਸੀ। ਬੁਲ੍ਹੇ ਸ਼ਾਹ ਨੇ ਠੀਕ ਹੀ ਕਿਹਾ ਹੈ :

"ਨ ਕਹੂੰ ਜਬ ਕੀ ਨ ਕਹੂੰ ਤਬ ਕੀ
ਬਾਤ ਕਹੂੰ ਮੈਂ ਅਬ ਕੀ।
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ,
ਸੁੰਨਤ ਹੋਤੀ ਸਭ ਕੀ॥

ਕਈ ਲੋਕਾਂ ਦਾ ਵਿਚਾਰ ਹੈ ਕਿ ਲੜਾਈ ਯਾ ਜੰਗੀ ਤਿਆਰੀ ਦੀ ਗੱਲ ਸਭਿਅਤਾ ਦੇ ਖਿਲਾਫ ਸਮੇਂ ਦੇ ਫੈਸ਼ਨ ਅਨੁਸਾਰ ਨਹੀਂ ਪਰ ਸੰਸਾਰ ਦੇ ਯਥਾਰਥ ਨੂੰ ਕਿਵੇਂ ਅਖੋਂ ਪਰੋਖੇ ਕੀਤਾ ਜਾਵੇ। ਰਾਵਣ, ਦੁਰਯਧਨ, ਚੰਗੇਜ਼ ਖਾਂ ਦੀ ਤਲਵਾਰ ਦਾ ਕਿਵੇਂ ਉਤਰ ਦਿਤਾ ਜਾਵੇ ਇਸਦਾ ਕੋਈ ਹੱਲ ਨਹੀਂ ਦਿਸਦਾ। ਗੁਰੂ ਸਾਹਿਬ ਨੇ ਵੀ ਇਸ ਗਲ ਤੇ ਜ਼ੋਰ ਦਿਤਾ ਕਿ ਜਦੋਂ ਜ਼ੁਲਮ ਤਮਾਮ ਹੀਲਿਆਂ ਤੋਂ ਲੰਘ ਹੀ ਜਾਵੇ ਤਾਂ ਤਲਵਾਰ ਦੀ ਵਰਤੋਂ ਜਾਇਜ਼ ਹੈ ਇਸਦਾ ਅਰਥ ਸਾਫ ਹੈ ਕਿ ਪਹਿਲਾਂ ਹੋਰ ਸਾਧਨ ਅਪਨਾਉਣੇ ਚਾਹੀਦੇ ਹਨ ਤੇ ਫਿਰ ਤਲਵਾਰ।

**"ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ"**

(ਜ਼ਫਰਨਾਮਾ) ਅਹਿਮਦ ਸ਼ਾਹ ਅਬਦਾਲੀ ਵਰਗਾ ਸ਼ਖਸ ਹਿੰਦੁਸਤਾਨ ਦੀ ਇੱਜਤ, ਆਬਰੂ ਸਰਮਾਇਆ, ਬਹੂ ਬੇਟੀਆਂ ਨੂੰ ਜ਼ਬਰਨ ਲੁਟਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਤਾਂ ਗੁਰੂ ਸਾਹਿਬ ਦਾ ਖਾਲਸਾ ਹੀ ਇਹਨਾਂ ਜਰਵਾਣਿਆਂ ਨੂੰ ਸੋਧਣ ਲਈ ਅਗੇ ਆਉਂਦਾ ਹੈ ਜੋ ਕਿ ਅਸਲੋਂ ਇਕ ਧਰਮੀ ਮਨੁਖ ਦਾ ਕਰਮ ਹੈ।

ਗੁਰੂ ਸਾਹਿਬ ਨੇ ਜਦ ਭਾਰਤ ਦੇ ਹੱਥ ਤਲਵਾਰ ਫੜਾਈ ਤਾਂ ਇਸ ਤੋਂ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਸੀ। ਇਹ ਨਸ਼ਤਰ ਭਾਰਤੀ ਮਾਨਸਿਕਤਾ ਦੀ ਗੁਲਾਮੀ ਦੇ ਗੰਦੇ ਫੋੜੇ ਦਾ ਆਖਰੀ ਇਲਾਜ ਸੀ। ਆਪ ਜੀ ਜ਼ਰ ਜ਼ੋਰੂ ਜ਼ਮੀਨ ਖਾਤਰ ਲੜਨ ਵਾਲੇ ਨਹੀਂ ਸਗੋਂ ਸੁਤੰਤਰਤਾ ਸੰਗਰਾਮ ਦੇ ਉਹ ਮਹਾਨ ਇਨਕਲਾਬੀ ਯੋਧੇ ਸਨ ਜਿਹਨਾਂ ਚੜ੍ਹਦੀ ਕਲਾ ਦਾ ਵਾਤਾਵਰਣ ਬੰਨਿਆ ਤਾਂ ਕਿ ਹਰ ਭਾਰਤੀ ਇਸੇ ਰੰਗ ਵਿਚ ਰੰਗਿਆ ਜਾਵੇ ਸਵੈਮਾਨ ਤੇ ਪ੍ਰਤੀਸ਼ਠਾ ਦਾ ਜੀਵਨ ਬਤੀਤ ਕਰ ਸਕੇ।

## ਸ਼ਾਇਰ ਤੇ ਸੰਗੀਤਕਾਰ

ਭਾਰਤ ਦੇ ਮੱਧ ਕਾਲੀਨ ਇਤਿਹਾਸ ਵਿਚ ਜਿਵੇਂ ਸਿੱਖ ਗੁਰੂ ਸਾਹਿਬਾਨ ਨੇ ਧਾਰਮਿਕ ਸਮਾਜਿਕ ਤੇ ਰਾਜਸੀ ਜਾਗ੍ਰਤੀ ਲਈ ਗੌਰਵ ਭਰਿਆ ਹਿੱਸਾ ਪਾਇਆ ਉਹ ਆਪਣੀ ਮਿਸਾਲ ਆਪ ਹੈ ਫਿਰ ਉਹਨਾਂ ਇਸ ਵਿਕਾਸ ਯੋਜਨਾ ਲਈ ਜਿਵੇਂ ਸਾਹਿਤ ਦਾ ਹਥਿਆਰ ਭਰਪੂਰ ਮਾਤਰਾ ਵਿਚ ਵਿੱਚ ਵਰਤਿਆ ਸ਼ਾਇਦ ਕਿਸੇ ਹੋਰ ਧਾਰਮਿਕ ਆਗੂ ਨੇ ਨੇ ਇਸ ਤਰ੍ਹਾਂ ਕੀਤਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਦੀ ਸਖਸੀਅਤ ਅਧਿਆਤਮਿਕ ਗੁਰੂ, ਬੀਰ ਸੈਨਾਪਤੀ ਤੇ ਵਿਦਵਾਨ ਸ਼ਾਇਰ ਦਾ ਸੰਗਮ ਸੀ ਤੇ ਇਨਾ ਤਿੰਨੇ ਗੁਣਾਂ ਦੀ ਬਹੁਪਰਕਾਰੀ ਝਲਕ ਆਪ ਦੀ ਜਿੰਦਗੀ ਵਿਚ ਥਾਂ ਥਾਂ ਤੇ ਮਿਲਦੀ ਹੈ। ਮੁਗਲ ਸਾਮਰਾਜ ਵਿਰੁਧ ਆਜਾਦੀ ਦੀ ਲਹਿਰ ਨੂੰ ਸਫਲਤਾ ਪੂਰਵਕ ਚਲਾਉਣ ਲਈ ਜਿਸ ਤਰ੍ਹਾਂ ਉਹਨਾਂ ਨੇ ਤੇਗ ਤੇ ਕਲਮ ਦੀ ਸ਼ਾਨਦਾਰ ਤੇ ਸੁਚੱਜੀ ਵਰਤੋਂ ਕੀਤੀ ਉਹੋ ਜਿਹੀ ਮਿਸਾਲ ਇਤਿਹਾਸ ਵਿਚ ਬਹੁਤ ਘੱਟ ਦ੍ਰਿਸ਼ਟੀਗੋਚਰ ਹੁੰਦੀ ਹੈ। ਜਦੋਂ ਆਪ ਨੇ ਕਲਮ ਉਠਾਈ ਉਠਾਈ ਔਰੰਗਜੇਬ ਵਰਗਾ ਕੱਟੜ ਸ਼ਰਈ ਬਾਦਸ਼ਾਹ ਹਰ ਪ੍ਰਕਾਰ ਦੀ ਕਲਾ ਦੇ ਵਿਰੁਧ ਸੀ ਉਸ ਨੇ ਸੈਂਕੜੇ ਢਧੀਆ ਮੰਦਿਰ ਢਾਹੇ, ਕੀਮਤੀ ਮੂਰਤੀਆਂ ਤਬਾਹ ਕੀਤੀਆਂ ਸਾਹਿਤ ਤੇ ਸੰਗੀਤ ਦੀਆਂ ਮਹਿਫਲਾਂ ਜਬਰਨ ਬੰਦ ਕਰ ਦਿਤੀਆਂ। ਖੁਸ਼ਹਾਲ ਖਾਂ, ਬਿਸਰਾਮ ਖਾਂ ਆਦਿ ਗਵਈਆਂ ਨੂੰ ਤਾਕੀਦ ਹੋਈ ਕਿ ਉਹ ਕੇਵਲ ਸਲਾਮ ਕਰਨ ਲਈ ਆਉਣ, ਗਾਉਣ ਲਈ ਨਹੀਂ।

ਇਕ ਵਾਰ ਔਰੰਗਜੇਬ ਦੀ ਧੀ ਜੇਬੁਲਨਿਸ਼ਾ ਆਪਣੇ ਪਿਤਾ ਨਾਲ ਬਾਗ ਵਿਚ ਟਹਿਲ ਰਹੀ ਸੀ ਤਾਂ ਉਥੇ ਬੁਲਬੁਲ ਨੂੰ ਮੁਖਾਤਿਬ ਕਰਕੇ ਬੋਲੀ ਕਿ "ਹੇ ਮਿਠ ਬੋਲੀ ਬੁਲਬੁਲ। ਜ਼ਰਾ ਹੋਲੀ ਗਾ ਕਿਉਂਕਿ ਬਾਦਸ਼ਾਹ ਦਾ ਮਿਜ਼ਾਜ਼ ਸੁਖਨ ਦੀ ਤਾਬ ਨਹੀਂ ਝੱਲ ਸਕਦਾ।

"ਐ ਬੁਲਬੁਲ ਖੁਸ਼ਦਿਲਚਾਂ, ਆਹਿਸਤਾ ਲਬ ਬਜੂੰਬਾ
ਆਲਿ ਮਿਜਾਜ਼ੇ ਸ਼ਾਹਾਂ, ਤਾਬਿ ਸੁਖਨ ਨਦਾਰਦ"

ਇਧਰ ਗੁਰੂ ਸਾਹਿਬ ਜਿਥੇ ਖੁਦ ਕਾਵਿ ਰਚਨਾ ਦਾ ਦਰਿਆ ਵਗਾ ਰਹੇ ਸਨ ਉਥੇ ਅਨੇਕਾਂ ਕਵੀਆਂ ਦੀ ਸਰ-ਪ੍ਰਸਤੀ ਕਰਕੇ ਢੇਰ ਸਾਰੀ ਰਚਨਾ ਕਰਵਾ ਰਹੇ ਸਨ। ਉਸ ਪਰਮ ਵੀਰ ਕਵੀ ਨੇ ਭਗਤੀ ਦੇ ਰਾਗ ਨੂੰ ਬੰਦ ਕਰਨਾ ਤਾਂ ਪਸੰਦ ਨਾ ਕੀਤਾ ਪਰ ਕਮਜ਼ੋਰ ਸੁਰਾਂ ਬਦਲ ਦਿਤੀਆਂ ਆਪਣੀ ਰਚਨਾ ਵਿਚ ਪ੍ਰੀਤਮ ਪ੍ਰਭੂ ਨੂੰ ਠਾਕਰ, ਗੋਪਾਲ, ਬੰਸੀਧਰ ਕਹਿਣ ਦੀ ਬਜਾਏ ਖੜਗਕੇਤ, ਸ੍ਰੀ ਅਸਿਧੁਜ ਆਦਿ ਬਲਵਾਨ ਨਾਵਾਂ ਨਾਲ ਯਾਦ ਕੀਤਾ।

ਨਮੋ ਸ਼ਸਤ੍ਰ ਪਾਣੇ, ਨਮੋ ਅਸਤ੍ਰ ਮਾਣੇ,
ਨਮੋ ਕਲਹ ਕਰਤਾ, ਨਮੋ ਸ਼ਾਂਤ ਰੂਪੇ।
"ਗਰਬ ਗੰਜਨ, ਦੁਸ਼ਟ ਭੰਜਨ,
ਮੁਕਤ ਦਾਇਕ ਕਾਮ" (ਜਾਪੁ)

ਐਸੇ ਪ੍ਰਮਾਤਮਾ ਤੋਂ ਮੰਗਣਾ ਕੀ ਹੈ ਕੈਸੀ ਪ੍ਰਾਰਥਨਾ ਕਰਨੀ ਹੈ ਇਸ ਸ਼ਬਦ ਤੋਂ ਸਪਸ਼ਟ ਹੈ।

ਦੇਹਿ ਸ਼ਿਵ! ਵਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨ ਟਰੋ"

ਆਪ ਦੀ ਕਾਵਿ ਰਚਨਾ ਪ੍ਰਕਾਰ ਦੇ ਲਿਹਾਜ ਨਾਲ ਹੀ ਨਹੀਂ ਬਲਕਿ ਆਕਾਰ ਦੇ ਪਖੋਂ ਵੀ ਅਤਿ ਮਹਾਨ ਹੈ। ਆਪਨੇ ਚਾਰ ਜ਼ਬਾਨਾ 'ਚ ਪ੍ਰਭਾਵਸ਼ਾਲੀ ਸਾਹਿਤ ਰਚਿਆ ਹੈ, ਬ੍ਰਿਜ ਭਾਸ਼ਾ, ਫਾਰਸੀ, ਪੰਜਾਬੀ ਤੇ ਰੇਖਤਾ। ਗਲ ਕੀ ਸਾਰੇ ਭਗਤੀ ਸਾਹਿਤ ਨੂੰ ਬਦਲ ਦਿਤਾ ਆਪ ਦੀ ਰਚਨਾ ਜਾਪੁ ਅਕਾਲ ਉਸਤਤਿ, 33 ਸਵਈਏ, ਸ਼ਬਦ ਹਜ਼ਾਰੇ ਨੂੰ ਗੁਰਮਤ ਕਾਵਿ ਵਿਚ ਵਿਸ਼ੇਸ਼ ਸਥਾਨ ਹਾਸਲ ਹੈ। ਆਪ ਨੇ ਮਨੁਖੀ ਏਕਤਾ ਤੇ ਪੂਰਾ ਜ਼ੋਰ ਦਿਤਾ ਤਾਂ ਕਿ ਗੁਰੂ ਸਾਹਿਬ ਦੀ ਚਲਾਈ ਗੁਰਮਤ ਪਰਣਾਲੀ ਦਾ ਸੰਗਠਨ ਪੱਕੀਆਂ ਨੀਹਾਂ ਤੇ ਖੜਾ ਹੋਵੇ। ਵਕਤੀ ਜੰਗ ਜਿਤਣ ਨਾਲੋਂ ਮਨੁੱਖੀ ਆਦਰਸ਼ਾਂ ਦਾ ਆਪ ਨੂੰ ਵਧੇਰੇ ਧਿਆਨ ਸੀ ਆਪ ਜੀ ਲਿਖਦੇ ਹਨ:-

**'ਸਾਚ ਕਹਉ ਸੁਨ ਲੇਹੁ ਸਭੈ**
**ਜਿਨਿ ਪ੍ਰੇਮ ਕੀਯੋ ਤਿਨ ਹੀ ਪ੍ਰਭ ਪਾਯੋ'**
**"ਜਿਮੀ ਜਮਾਂ ਕੇ ਬਿਖੇ, ਸਮਸਤ ਏਕ ਜੋਤ ਹੈ,**
**ਨਾ ਬਾਢ ਹੈ ਨ ਘਾਟ ਹੈ, ਨਾ ਬਾਢ ਘਾਟ ਹੈ"**

ਇਸ ਪਰਮਾਰਥਕ ਸਾਹਿਤ ਤੋਂ ਇਲਾਵਾ ਆਪ ਨੇ ਹਿੰਦੂਆਂ ਦੇ ਤਮਾਮ ਮਹਾਂਪੁਰਸ਼-ਅਵਤਾਰਾਂ ਦੀ ਜੀਵਨੀ ਨੂੰ ਬੀਰ ਰਸੀ ਧਾਰ ਦੇ ਕੇ ਨਵੇਂ ਰੰਗ ਢੰਗ ਨਾਲ ਬਿਆਨਿਆਂ, ਜਿਸ ਦਾ ਨਾ ਹੈ **'ਬਚਿੱਤਰ ਨਾਟਕ'** ਹਿੰਦੀ ਯਾ ਸੰਸਕ੍ਰਿਤੀ ਵਿਚ ਸ਼ਾਇਦ ਹੀ ਕੋਈ ਐਸਾ ਗਰੰਥ ਹੋਵੇ ਜਿਸ ਵਿਚ ਇਉਂ ਚੰਡੀ ਵਿਸ਼ਨੂ ਦੇ 24 ਅਵਤਾਰਾਂ ਬ੍ਰਹਮਾ ਦੇ ਸੱਤ ਤੇ ਰੁਦ੍ਰ ਦੇ ਦੋ ਅਵਤਾਰਾਂ, ਮੀਰ ਮਹਿੰਦੀ ਦੀ ਜੀਵਨੀ ਵੀ ਇਕ ਥਾਂ ਆਈ ਹੋਵੇ। "ਸ਼ਸ਼ਤ੍ਰ ਨਾਮ ਮਾਲਾ" ਹੇਠ ਇਕ ਨਵਾਂ ਕੋਸ਼ ਰਚਿਆ, ਜਿਸ ਵਿਚ ਸ਼ਸ਼ਤਰ ਭੰਡਾਰ ਦਾ ਦਰਸ਼ਨ ਕਰਕੇ ਕਾਇਰ ਹਿਰਦਿਆਂ ਵਿਚ ਵੀ ਬੀਰਤਾ ਦਾ ਸੰਚਾਰ ਹੁੰਦਾ ਹੈ। ਆਪ ਦੀ ਸਾਰੀ ਕਾਵਿ ਰਚਨਾ 'ਦਸਮ ਗਰੰਥ'

ਹੇਠ ਸੰਚਿਤ ਮਿਲਦੀ ਹੈ ਆਪ ਦੀ ਹਦ ਦਰਜੇ ਦੀ ਸੂਝ ਬੂਝ ਸ਼ਬਦ ਸ਼ਕਤੀ, ਕਾਵਿ ਸ਼ਕਤੀ ਨੂੰ ਵੇਖਕੇ ਮਨੁਖ ਹੈਰਾਨ ਰਹਿ ਜਾਂਦਾ ਹੈ ਕਿ ਉਹਨਾਂ ਕਿਵੇਂ ਰੁਝਵੇਂ ਭਰੇ ਜੀਵਨ ਵਿਚੋਂ ਸਮਾਂ ਕੱਢਕੇ ਸਹਿਤਕ ਸਿਰਜਣਾ ਦਾ ਇਤਨਾ ਭਾਰੀ ਕੰਮ ਕੀਤਾ।

ਜਦੋਂ ਅਸੀਂ ਰਹੱਸਵਾਦੀ ਪੱਧਰ ਤੋਂ ਹੇਠਾਂ ਲਹਿ ਕੇ ਉਸ ਕਵੀ ਦੇ ਕਾਵਿ ਚਮਤਕਾਰਾਂ ਨੂੰ ਤਕਦੇ ਹਾਂ ਉਹ ਵੀ ਥਾਂ-ਥਾਂ ਰਸ ਝਿਲਕਦੇ ਦਿਸਦੇ ਹਨ। ਕਿਤੇ ਅਨੂਠੇ ਤੇ ਅਨੋਖੇ ਭਾਵ ਡੁਲ੍ਹ-ਡੁਲ੍ਹ ਪੈ ਰਹੇ ਹਨ, ਲਫਜ਼ਾਂ ਦੀ ਗੋਂਦ ਮਨ ਨੂੰ ਮੋਹਦੀ ਹੈ। ਆਪਣੇ ਮਹਿਬੂਬ ਪ੍ਰਮੇਸ਼ਰ ਦੇ ਬ੍ਰਿਹੁੰ ਵਿਚ ਮਾਛੀਵਾੜੇ ਦੇ ਜੰਗਲ ਵਿਚ ਗਾਵਿਆ ਪੰਜ ਬੀ ਖ਼ਿਆਲ ਸ਼ਬਦ ਬਾਰ-ਬਾਰ ਗਾਉਣ ਯੋਗ ਹੈ। ਪ੍ਰਭੂ ਦੇ ਪਠਾਏ ਪ੍ਰਭੂ ਪ੍ਰੀਤ-ਬੱਧੇ, ਪ੍ਰਭੂ ਯਾਦ ਵਿਚ ਵਿਅਸਤ ਪ੍ਰਭੂ ਨਾਲ ਇਉਂ ਰੂ-ਬਰੂ ਹੋਏ ਕਿ ਘਣੇ ਜੰਗਲਾਂ ਵਿਚ ਬ੍ਰਿਹੁੰ ਦਾ ਨਾਦ ਗੂੰਜ ਉਠਿਆ।

"ਮਿਤ੍ਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ,
ਤੁਧੁ ਬਿਨ ਰੋਗ ਰਜਾਈਆਂ ਦਾ
ਓਢਣ ਨਾਗ ਨਿਵਾਸਾ ਦਾ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ,
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆ ਦਾ ਰਹਿਣਾ।"

ਲੱਖੀ ਜੰਗਲ ਵਿਚ ਵਿਛੜੇ ਖਾਲਸੇ ਦੇ ਮਿਲਾਪ ਸਮੇਂ ਗੁਰੂ ਜੀ ਨੇ ਜੋ ਸੱਦ ਉਚਾਰੀ ਉਸ ਸਮੇਂ ਦੇ ਪੇਂਡੂ ਜੀਵਨ ਦੀ ਬੜੀ ਸੁੰਦਰ ਝਾਕੀ ਪੇਸ਼ ਕਰਦੀ ਹੈ

"ਸੁਣ ਕੇ ਸਦ ਮਾਹੀ ਦਾ ਮੇਹੀਂ,
ਪਾਣੀ ਘਾਹੁ ਮੁਤੋ ਨੇ
ਕਿਸੇ ਨਾਲ ਨ ਰਲੀਆ ਕਾਈ
ਕੋਈ ਸਉਕ ਪਇਓ ਨੇ
ਗਾਇਆ ਫ਼ਿਰਾਕ ਮਿਲਿਆ ਮਿਤ ਮਾਹੀ,
ਤਾਂ ਹੀ ਸ਼ੁਕਰ ਕੀਤੋ ਨੇ

ਆਪ ਦੀ ਹਰ ਰਚਨਾ ਵਿਚ ਓਜਮਈ ਸ਼ੈਲੀ ਪਰਧਾਨ ਹੈ, ਕੇਵਲ ਅਕਾਲ ਪੂਜਾ ਤੇ ਨਵੀਆਂ ਮਨੁਖੀ ਕਦਰਾਂ ਕੀਮਤਾਂ ਨੂੰ ਦ੍ਰਿੜ ਕਰਵਾਇਆ ਤੇ ਧਰਮ ਦੇ ਨਾ ਤੇ ਪ੍ਰਪੰਚ ਸਮਾਜਿਕ ਕੁਰੀਤੀਆਂ ਰਾਜਸੀ ਅਤਿਆਚਾਰਾਂ ਨੂੰ ਦਲੇਰੀ ਨਾਲ ਥਾਂ-ਥਾਂ ਖੰਡਨ ਕੀਤਾ, ਸਭ ਕੁਝ ਸਰਬਲੋਹੀ ਕਾਵਿ ਬਣਾ ਕੇ ਪੇਸ਼ ਕੀਤਾ ਬਾਣੀ ਦੀ ਵਿਲੱਖਣਤਾ ਸਾਫ ਦਸਦੀ ਹੈ ਕਿ ਇਹ ਮਹਾਨ ਕਵੀ ਗੁਰੂ ਕਿਸੇ ਮਹਾਨ ਹਸਤੀ ਦਾ ਮਾਲਿਕ ਹੈ। ਆਪ ਦੇ ਦਰਬਾਰ ਵਿਚ ਉਚ ਕੋਟੀ ਦੇ ਕਵੀ ਰਹਿੰਦੇ ਸਨ ਜਿਨ੍ਹਾਂ ਨੂੰ ਆਪ ਸੋਨੇ ਦੀ ਅਸ਼ਰਫੀਆਂ ਨਾਲ ਨਿਵਾਜਦੇ ਸਨ। ਆਪ ਦੇ ਦਰਬਾਰ ਵਿਚ ਫਾਰਸੀ ਸੰਸਕ੍ਰਿਤ ਹਿੰਦੀ ਉਰਦੂ ਪੰਜਾਬੀ ਪੰਜੇ ਜ਼ਬਾਨਾ ਦੇ ਕਵੀ ਸਨ ਜੋ ਇਕ ਸੁੰਦਰ ਖ਼ੂਬਸੂਰਤ ਗੁਲਦਸਤੇ ਦਾ ਸੂਚਕ ਸਨ ਜੋ ਵਖ-ਵਖ ਤਰ੍ਹਾਂ ਦੇ ਫੁਲਾਂ ਨਾਲ ਸ਼ਿੰਗਾਰਿਆ ਹੋਵੇ। ਵੰਨਗੀ ਮਾਤਰ ਭਾਈ ਨੰਦ ਲਾਲ ਜੀ ਦੀ ਸੰਖੇਪ ਰਚਨਾ ਪੇਸ਼ ਹੈ ਜਿਹਨਾ ਗੁਰੂ ਸਾਹਿਬ ਦੇ ਪ੍ਰਤੱਖ ਦਰਸ਼ਨ ਕਰਕੇ ਆਪਣੀ ਨਿਵੇਕਲੀ ਕਲਾ ਜੁਗਤ ਦੁਆਰਾ ਉਹਨਾਂ ਦੇ ਗੁਣ ਦਰਸਾਏ।

ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ,
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ
ਹੱਕ ਰਾ ਗੰਜ਼ੂਰ ਗੁਰੂ ਗੋਬਿੰਦ ਸਿੰਘ,
ਜ਼ੁਮਲਾ ਫ਼ੈਜ਼ ਨੂਰ ਗੁਰੂ ਗੋਬਿੰਦ ਸਿੰਘ
ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ,
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ
ਕਦਰੇ ਹਰਕਾਰ ਗੁਰੂ ਗੋਬਿੰਦ ਸਿੰਘ,
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ

ਗੁਰੂ ਸਾਹਿਬ ਮਹਾਨ ਸੰਗੀਤਕਾਰ ਵੀ ਸਨ। ਆਪ ਨੇ ਬਹੁਤ ਸਾਰੀ ਬਾਣੀ ਬੜੇ ਪ੍ਰਸਿਧ ਰਾਗਾਂ ਵਿਚ ਰਚੀ ਆਪ ਦੀਆਂ ਰਚਨਾਵਾਂ ਵਿਚ ਸੰਗੀਤ ਦੇ ਅਨਕਾਂ ਪ੍ਰੀਭਾਸ਼ਿਕ ਸ਼ਬਦ ਇਸ ਗਲ ਦਾ ਸੂਚਕ ਹਨ ਕਿਉਂ ਹਨ ਨੂੰ ਕੇਵਲ ਵਾਕਫ਼ੀਅਤ ਹੀ ਨਹੀਂ ਸਗੋਂ ਸੰਗੀਤ ਦਾ ਗਹਿਰਾ ਅਧਿਐਨ ਵੀ ਸੀ। ਢੋਲ, ਮ੍ਰਿਦੰਗ, ਨਗਾਰੇ, ਸੰਖ ਧੁਨ ਕੋਲਾਹਲ ਰਾਗ ਗੰਧਰਵ, ਜਿੰਝੀ, ਤੰਤੀ, ਰਾਗ, ਰਿਸਾਲੇ, ਤਾਨ ਤਰੰਗ, ਤਾਲ ਗੀਤ ਆਦਿ ਬਹੁਤ ਗੂੜ੍ਹੀ ਤੇ ਸੂਖਸ਼ਮ ਸੂਝ ਦੀ ਉਪਜ ਹਨ। ਫੱਗਣ ਦੀ ਰੁਤ ਵਿਚ ਹੋਲੀ ਖੇਡਣ ਨੂੰ "ਖੇਲਤ ਧਮਾਰ" ਕਹਿਣਾ ਉਸ ਸਮੇਂ ਦੇ ਪ੍ਰਸਿਧ ਗਾਇਨ ਸ਼ੈਲੀ ਧਮਾਰੇ ਸਬੰਧੀ ਜਾਣਕਾਰੀ ਨੂੰ ਨਹੀਂ ਦਰਸਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤਿ ਕੁਸ਼ਲਤਾ ਨਾਲ ਬਿਆਨਿਆ ਹੈ। ਜਾਪੁ ਸਾਹਿਬ ਵਿਚ 'ਨਮੋ ਤਾਨ ਤਾਨੇ' ਕਹਿਕੇ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਵਡਿਆਈ ਕੀਤੀ ਹੈ ਭਾਵ ਤਾਨਾਂ ਦਾ ਵਿਸਥਾਰ ਕਰਨ ਵਾਲੇ ਨੂੰ ਨਮਸਕਾਰ ਹੈ ਇਉਂ ਅਕਾਲ ਪੁਰਖ ਨੂੰ ਗੁਰੂ ਸਾਹਿਬ ਨੇ ਵੱਡਾ ਸੰਗੀਤਕਾਰ ਮੰਨਿਆ ਹੈ ਆਪ ਨੇ

ਜਿਨ੍ਹਾਂ ਰਾਗਾਂ ਵਿਚ ਬਾਣੀ ਉਚਾਰੀ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ।

1 ਰਾਮਕਲੀ 2 ਸੋਰਠਿ 3 ਕਲਿਆਣ 4 ਤਿਲੰਗ ਕਾਫੀ 5 ਬਿਲਾਵਲ 6 ਦੇਵਗੰਧਾਰੀ ਆਦਿ ਆਪ ਦੀ ਇਕ ਰਚਨਾ ਰਾਗ ਰਾਮਕਲੀ ਵਿਚ ਇਸ ਤਰ੍ਹਾਂ ਹੈ

**ਰਾਮਕਲੀ ਪਾਤਸ਼ਾਹੀ ੧੦**

ਰੇ ਮਨ ਇਹ ਬਿਧਿ ਜੋਗ ਕਮਾਓ,
ਸਿੰਙੀ ਸਾਚ ਅਕਪਟ ਕੰਠਲਾ
ਧਿਆਨ ਬਿਭੂਤਿ ਚੜਾਓ (ਰਹਾਓ)
ਤੰਤ੍ਰੀ ਗਹੁ ਆਤਮ ਬਸ ਕਰ ਕੀ,
ਭਿੱਛਾ ਨਾਮ ਅਧਾਰੰ,
ਬਾਜੇ ਪਰਮ ਤਾਰ ਤਤ
ਹਰਿਕੋ ਉਪਜੈ ਰਾਗ ਰਸਾਰੰ
ਉਘਟਤ ਤਾਨ ਤਰੰਗ ਰੰਗ ਅਤਿ
ਗਿਆਨ ਗੀਤ ਬੰਧਾਨੰ
ਚਕ ਚਕ ਰਹੇ ਦੇਵ ਦਾਨਵ ਮੁਨ
ਛਕਿ ਛਕਿ ਬਯੋਮ ਬਿਵਾਨੰ
ਆਤਮ ਉਪਦੇਸ਼ ਭੇਸ ਸੰਜਮ ਕੋ
ਜਾਪ ਸੁ ਅਜਪਾ ਜਾਪੈ
ਸਦਾ ਰਹੇ ਕੰਚਨ ਸੀ ਕਾਯਾ,
ਕਾਲ ਨ ਕਬਹੂੰ ਬਿਆਪੈ

ਸੰਗੀਤ ਮਾਰਤੰਡ ਪ੍ਰੋ: ਤਾਰਾ ਸਿੰਘ ਅਨੁਸਾਰ ਗੁਰੂ ਸਾਹਿਬ ਦੀ ਭਾਰਤੀ ਸੰਗੀਤ ਨੂੰ ਅਦੁੱਤੀ ਦੇਣ ਇਹ ਹੈ ਕਿ ਕਿ ਆਪ ਨੇ ਇਕ ਨਵੀਨ ਗਾਇਨ ਸ਼ੈਲੀ ਦਾ ਆਵਿਸ਼ਕਾਰ ਕੀਤਾ ਜਿਸ ਨੂੰ ਸੰਗੀਤ ਵਿਚ ਖਿਆਲ-ਗਾਇਨ ਕਹਿੰਦੇ ਹਨ। ਇਸ ਕਾਲ ਦੇ ਕਿਸੇ ਗਾਇਕ, ਭਗਤ, ਸੰਤ, ਕਵੀ ਜਾਂ ਕਿਸੇ ਸੂਫੀ ਫਕੀਰ ਨੇ 'ਖਿਆਲ' ਦੀ ਵਰਤੋਂ ਆਪਣੀ ਰਚਨਾ ਵਿਚ ਨਹੀਂ ਕੀਤੀ। ਇਸ ਲਈ ਭਾਰਤੀ ਸੰਗੀਤ ਵਿਚ ਖਿਆਲ ਸ਼ੈਲੀ ਦੀ ਈਜਾਦ ਗੁਰੂ ਸਾਹਿਬ ਨੇ ਕੀਤੀ। ਪੁਸ਼ਟੀ ਲਈ ਆਪ ਦੁਆਰਾ ਰਚਿਤ ਖਿਆਲ ਪਾਠਕਾਂ ਦੀ ਗਿਆਤ ਲਈ ਇਥੇ ਦਿਤਾ ਜਾਂਦਾ ਹੈ।

**ਖਿਆਲ ਪਾਤਸ਼ਾਹੀ 10**

"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ
ਤੁਧ ਬਿਨ ਰੋਗ ਰਜਾਈਆਂ ਦਾ ਓਡਣ
ਨਾਗ ਨਿਵਾਸ ਦੇ ਰਹਿਣਾ।"

ਭਾਰਤੀ ਸੰਗੀਤ ਵਿਚ ਆਪ ਦਾ ਪਹਿਲਾ ਖਿਆਲ ਹੈ ਜਿਸ ਦੇ ਆਧਾਰ ਤੇ ਮੁਹੰਮਦ ਸ਼ਾਹ ਰੰਗੀਲੇ ਦੀ ਦਰਬਾਰੀ ਗਾਇਕ ਸਦਾ ਰੰਗ (1719-1748 ਈ:) ਨੇ ਖਿਆਲ ਗੀਤਾਂ ਦੀ ਰਚਨਾ ਕੀਤੀ। 'ਦਸਮ ਗਰੰਥ' ਵਿਚ 'ਸੰਗੀਤ ਛੰਦ' ਗੁਰੂ ਸਾਹਿਬ ਦੀ ਸੰਗੀਤਕ ਕਲਾ ਕ੍ਰਿਤੀ ਦਾ ਉਚਤਮ ਨਮੂਨਾ ਹੈ। ਸੰਗੀਤ ਛੰਦ ਵਿਚ ਮ੍ਰਿਦੰਗ ਦੇ ਭਿੰਨ ਭਿੰਨ ਦੇ ਆਧਾਰ ਤੇ ਕਾਵਿ ਰਚਨਾ ਕੀਤੀ ਗਈ ਹੈ ਕੁਝ ਪ੍ਰਕਾਰ ਇਸ ਤਰ੍ਹਾਂ ਹਨ।

1. ਸੰਗੀਤ ਛੱਪਯ—'**ਕੁਪਯੋ ਕਪੀ ਕਟਕ ਬਗੜ ਦੀ ਬਾਜਨ ਰਣ ਬਜਯ**' (ਰਾਮ ਅਵਤਾਰ)

2. ਸੰਗੀਤ ਨਾਰਾਜ **ਸਵੀਰ ਜਾਗੜ ਦੇ ਜਗੇ। ਲੜਾਕ ਲਾਗੜਦੰ ਪਗੇ** (ਚੰਡੀ ਚਰਿਤ੍ਰ 2)

3. ਸੰਗੀਤ ਪਧਿਸ਼ਟਕਾ **ਕਾਗੜਦੰਗ ਕਾਛ ਕੇ ਦੇਤ ਰਾਜ** (ਰਾਮ ਅਵਤਾਰ)

4. ਸੰਗੀਤ ਪਾਧੜੀ—**ਤਾਗੜਦੰਗ ਤਾਲ, ਬਾਜਤ ਮ੍ਰਿਦੰਗ** (ਮਨੁਰਾਜ)

5. ਸੰਗੀਤ ਭੁਯੰਗਪ੍ਰਯਾਤ **ਸਗੜਦੰ ਸੂਰੇ ਕਗੜਦ ਕੋਪੰ**

6. ਸੰਗੀਤ ਮਧੁਭਾਰ— "**ਕਾਗੜਦੰ ਕੜਾਕ ਤਾਗੜਦੰ ਤੜਾਕ**"

ਇਹ ਤੁਕਾਂ ਪੜ ਕੇ ਪਾਠਕ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਨ ਕਿ ਗੁਰੂ ਸਾਹਿਬ ਦੀਆਂ ਰਚਨਾਵਾਂ ਵਿਚ ਭਾਰਤੀ ਸੰਗੀਤ ਦਾ ਕਿੰਨਾ ਵਿਸ਼ਾਲ ਭੰਡਾਰ ਸੁਰਖਿਅਤ ਹੈ।

ਗੁਰੂ ਸਾਹਿਬ ਦੀ ਸਖਸ਼ੀਅਤ ਦੇ ਕਿਸੇ ਵੀ ਪੱਖ ਦਾ ਅਧਿਐਨ ਕਰੀਏ ਤਾਂ ਇਹ ਪ੍ਰਾਣੀ ਮਾਤਰ ਜੀਵ ਪੂਰਨ ਤੌਰ ਤੇ ਆਤਮਿਕ ਆਨੰਦ ਵਿਚ ਵਿਭੋਰ ਹੋ ਜਾਂਦਾ ਹੈ। ਆਪ ਦੀ ਜ਼ਿੰਦਗੀ ਦਾ ਹਰ ਪਲ ਸਾਡੇ ਕਲਯੁਗੀ ਜੀਵਾਂ ਲਈ ਇਕ ਚਾਨਣ ਮੁਨਾਰਾ ਹੋ ਨਿਬੜਦਾ ਹੈ। ਦਸ਼ਮ ਪਾਤਸ਼ਾਹ ਦੇ ਕਿਹੜੇ ਗੁਣ ਨੂੰ ਕਿਹਨਾਂ ਅਖਰਾਂ ਨਾਲ ਬਿਆਨ ਕੀਤਾ ਜਾਵੇ, ਇਸ ਲਈ ਤਾਂ ਸ਼ਬਦਕੋਸ਼ ਦਾ ਦਾਇਰਾ ਹੀ ਬੜਾ ਸੰਕੁਚਿਤ ਜਿਹਾ ਜਾਪਣ ਲਗ ਪੈਂਦਾ ਹੈ। ਅਨੰਦਪੁਰ ਦੇ ਤਖਤ ਤੇ ਪੂਰੀ ਸ਼ਾਹੀ ਜਾਹੋ-ਜਲਾਲ ਵਾਲੀ ਜਿੰਦਗੀ ਬਸ਼ਰ ਕਰਨ ਵਾਲਾ ਬਾਦਸ਼ਾਹ ਦਰਵੇਸ਼, ਮਾਛੀਵਾੜੇ ਦੇ ਜੰਗਲਾਂ ਵਿਚ ਟਿੰਡ ਦਾ ਸਰਾਣਾ ਲਾਈ ਉਸ ਮਾਹੀ ਦੀ ਯਾਦ ਵਿਚ ਅਭੇਦ ਹੋਇਆ ਪਿਆ ਹੈ। ਮਨੁਖੀ ਜਿੰਦਗੀ ਦਾ ਕੋਈ ਵੀ ਐਸਾ ਸਾਰਥਿਕ ਪੱਖ ਵੀ ਨਹੀਂ ਜਿਥੇ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕ੍ਰਿਆਤਮਕ ਸੇਧ ਨਾ ਦਿਤੀ ਹੋਵੇ।

□

## ਸਾਡੇ ਕੀਰਤਨੀਏ

# ਐਮ. ਐਸ. ਸਚਦੇਵਾ

ਪ੍ਰੋ. ਮੰਗਤ ਸਿੰਘ ਮਸਤਾਨਾ

ਅਮ. ਐਸ. ਸਚਦੇਵਾ ਗੁਰਬਾਣੀ ਸੰਗੀਤ ਦੇ ਨੌਜਵਾਨ ਕਲਾਕਾਰ ਅਤੇ ਉਸਤਾਦ ਹਨ। ਆਪ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਦੇ ਹਨ ਅਤੇ ਇਸ ਕਲਾ ਦੇ ਪ੍ਰਚਾਰ ਲਈ ਇਕ ਸੰਗੀਤ ਅਕੈਡਮੀ ਵੀ ਚਲਾ ਰਹੇ ਹਨ।

ਐਮ. ਐਸ. ਸਚਦੇਵਾ ਮਲੋਟ ਦੇ ਜੰਮ ਪਲ ਹਨ। ਆਪ ਨੂੰ ਗਾਉਣ ਦਾ ਸ਼ੌਂਕ ਉਸਤਾਦ ਮਹਿੰਦਰ ਸਿੰਘ ਗਿਆਨੀ ਮਾਸਟਰ ਤੋਂ ਪੈਦਾ ਹੋਇਆ। ਆਰੰਭ ਵਿਚ ਸਕੂਲਾਂ ਤੋਂ ਬਹੁਤ ਸਾਰੇ ਗਾਇਨ-ਇਨਾਮ ਹਾਸਲ ਕੀਤੇ ਅਤੇ ਇਹ ਚੇਟਕ ਹੋਰ ਵਧੀ। ਫਿਰ ਆਪ ਨੇ ਬਕਾਇਦਾ ਤੌਰ ਤੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ ਤੋਂ ਬੀ. ਏ. ਸੰਗੀਤ ਕੀਤੀ। ਅਤੇ ਪ੍ਰਸਿੱਧ ਸੰਗੀਤਕਾਰ ਅਸ਼ੋਕ ਕੁਮਾਰ ਅਤੇ ਪ੍ਰੋ ਅਰਵਿੰਦਰਪਾਲ ਸਿੰਘ ਪਾਸੋਂ ਸੰਗੀਤ ਸਿਖਿਆ।

'ਸਚਦੇਵਾ ਸੰਗੀਤ ਅਕੈਡਮੀ ਵਿਚ ਆਪ ਗੁਰਬਾਣੀ ਸੰਗੀਤ ਸਿੱਖਣ ਦੀ ਟਰੇਨਿੰਗ ਦਿੰਦੇ ਹਨ। ਇਸ ਤੋਂ ਇਲਾਵਾ ਗੀਤ, ਗਜ਼ਲ, ਭਜਨ ਅਤੇ ਕਲਾਸੀਕਲ ਸੰਗੀਤ ਸਿੱਖਿਆ ਵੀ ਦਿੰਦੇ ਹਨ ਅਤੇ ਇਸ ਕਲਾ ਵਿਚ ਮਾਹਿਰ ਹਨ।

ਪ੍ਰੋ. ਸਚਦੇਵਾ ਦੀ ਗਾਇਨ-ਸ਼ੈਲੀ ਆਵਾਜ਼ ਵੀ ਪ੍ਰਸਿੱਧ ਕੀਰਤਨਕਾਰ ਭਾਈ ਬਖਸ਼ੀਸ਼ ਸਿੰਘ ਜੀ ਨਾਲ ਮਿਲਦੀ ਹੈ। ਉਂਜ ਵੀ ਆਪ ਦੀ ਗਾਇਨ ਸ਼ੈਲੀ ਦਾ ਇਹ ਗੁਣ ਹੈ ਕਿ ਆਪ ਜਿਸ ਵੀ ਰਾਗੀ ਸਿੰਘ ਦੀ ਕੋਈ ਰੀਤ ਗਾਉਂਦੇ ਹਨ ਤਾਂ ਆਪ ਦੀ ਆਵਾਜ਼ ਵੀ ਬਿਲਕੁਲ ਉਹੋ ਜਿਹੀ ਹੀ ਬਣ ਜਾਂਦੀ ਹੈ। ਰਾਗੀਆਂ ਤੋਂ ਇਲਾਵਾ ਵੀ ਆਪ ਜੇ ਦੂਜੇ ਸੰਗੀਤ ਕਲਾਕਾਰਾਂ ਦੀ ਕੋਈ ਰਚਨਾ ਗਾਉਣ ਤਾਂ ਬਿਲਕੁਲ ਉਸੇ ਕਲਾਕਾਰ ਦਾ ਭੁਲੇਖਾ ਪਾ ਦਿੰਦੇ ਹਨ। ਉਂਜ ਗੁਰਬਾਣੀ ਸੰਗੀਤ ਵਿਚ ਆਪ ਭਾਈ ਬਖਸ਼ੀਸ਼ ਸਿੰਘ ਭਾਈ ਰਜਿੰਦਰ ਸਿੰਘ ਦੁਬੱਈ ਵਾਲੇ ਅਤੇ ਭਾਈ ਸਰਬਜੀਤ ਸਿੰਘ ਰੰਗੀਲਾ ਵਾਲਿਆਂ ਦੇ ਕੀਰਤਨ ਤੋਂ ਬੜੇ ਪ੍ਰਭਾਵਿਤ ਹਨ।

ਪ੍ਰੋ. ਸਚਦੇਵਾ ਸੁਭਾਅ ਦੇ ਬੜੇ ਮਿਲਣਸਾਰ ਅਤੇ ਇਮਾਨਦਾਰ ਵਿਅਕਤੀ ਹਨ। ਹਰ ਗੁਣ ਦੀ ਕਦਰ ਕਰਨਾ ਅਤੇ ਗੁਣੀ ਨੂੰ ਵੰਡਣਾ ਆਪਣਾ ਫਰਜ਼ ਸਮਝਦੇ ਹਨ। ਹਰ ਇਛੁਕ ਨੂੰ ਬੜੀ ਲਗਨ, ਅਪਣਤ ਅਤੇ ਬੜੇ ਸੁਚੱਜੇ ਢੰਗ ਨਾਲ ਸੰਗੀਤ ਸਿਖਾਉਂਦੇ ਹਨ। ਆਪ ਪਿਛਲੇ ਚਾਰ-ਪੰਜ ਸਾਲ ਤੋਂ ਐਮ.ਐਫ. ਦੇ ਆਲ ਇੰਡੀਆ ਰੇਡੀਓ ਬਠਿੰਡਾ ਤੋਂ ਸ਼ਬਦ ਕੀਰਤਨ ਅਤੇ ਗਜ਼ਲ ਗਾਉਣ ਦੇ ਪਰੋਗਰਾਮ ਦੇ ਰਹੇ ਹਨ ਅਤੇ ਛੇਤੀ ਹੀ ਸ਼ਬਦ ਕੀਰਤਨ ਦੀ ਇਕ ਕੈਸਟ ਸੰਗੀਤ ਪ੍ਰੇਮੀਆਂ ਨੂੰ ਦੇ ਰਹੇ ਹਨ। ਨਿਸਚੇ ਹੀ ਪ੍ਰੋ. ਐਮ. ਐਸ. ਸਚਦੇਵਾ ਮਲੋਟ ਮੰਡੀ ਦੇ ਸੰਗੀਤ ਉਸਤਾਦ ਆਖੇ ਜਾ ਸਕਦੇ ਹਨ।

□


# ਗੁਰੂ ਗੋਬਿੰਦ ਸਿੰਘ

# ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾਂ ਸਿੰਘ ਜੀ ਦੀਆਂ ਵਖ-ਵਖ ਰਾਗਾਂ ਵਿਚ ਰਚੀਆਂ ਨਿਵੇਕਲੀਆਂ ਸੁਰ-ਲਿਪੀਆਂ।

ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆ-ਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।

ਸੰਪਾਦਕ

ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ
ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਭੇਟਾ—70 ਰੁ. (ਡਾਕ ਖਰਚ ਵਖਰਾ)

ਪ੍ਰਕਾਸ਼ਕ
**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15 ਏ, ਚੰਡੀਗੜ੍ਹ—160015

# ਜੀਵਨ ਕਥਾ ਪੰ: ਨੱਥੂ ਰਾਮ ਜੀ

ਵਲੋਂ ਗਿ: ਸੋਦਾਗਰ ਸਿੰਘ ਅੰਡਰ ਸੈਕਟਰੀ
ਖਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ

ਤੁਸਾਂ ਰਬਾਬੀ ਤੇ ਸਿੰਧੀ ਕੀਰਤਨ ਕਰਦੇ ਵੇਖੇ ਸੁਣੇ ਹੋਣਗੇ ਪਰ ਹੁਣ ਤਕ ਤੁਸਾਂ ਕਿਸੇ ਪੰਡਤ ਨੂੰ ਜੋ ਨਿਰੋਲ ਬ੍ਰਾਹਮਣ ਸਨਾਤਨੀ ਪੰਡਤ ਘਰਾਣੇ ਦਾ ਜੰਮਪਲ ਹੋਵੇ ਆਹਲਾ ਕੀਰਤਨ ਕਰਦਾ ਸ਼ਾਦੋਨਾਜ਼ਰ ਹੀ ਸੁਣਿਆ ਵਖਿਆ ਹੋਵੇਗਾ। ਹਾਂ-ਇਹ ਸਨ ਪੰਡਤ ਨੱਥੂ ਰਾਮ ਜੀ ਤਰਨਤਾਰਨ ਵਾਲੇ। ਪੰਡਤ ਨੱਥੂ ਰਾਮ ਜੀ ਦਾ ਨਾਮ ਜਵਾਨੀ ਤੋਂ ਅਖੀਰ ਤਕ ਖਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਨਾਲ ਐਸਾ ਜੁੜਿਆ ਕਿ ਇਹ ਨਿਖੜ ਨਾ ਸਕਿਆ।

ਪੰਡਰ ਨੱਥੂ ਰਾਮ ਜੀ ਦੇ ਵਡੇ ਵਡੇਰੇ ਪਿਤਾ ਸ੍ਰੀ ਚੇਤ ਰਾਮ ਜੀ ਤੇ ਦਾਦਾ ਸ੍ਰੀ ਘਨਈਆਂ ਲਾਲ ਜੀ ਪਿੰਡ ਲੋਹੀਆ ਤਸੀਲ ਨਕੋਦਰ ਜ਼ਿਲਾ ਕਪੂਰਥਲਾ ਦੇ ਵਾਸੀ ਸਨ। ਮਾਤਾ ਪਿਤਾ ਜੀ ਦੇ ਸਵਰਗਵਾਸ ਹੋ ਜਾਣ ਤੇ ਪੰਡਤ ਜੀ 15 ਸਾਲ ਦੀ ਉਮਰ ਵਿਚ ਤਰਨਤਾਰਨ ਆ ਗਏ। ਸ਼ੁਰੂ-ਸ਼ੁਰੂ ਵਿਚ ਇਥੋਂ ਦੇ ਸਨਾਤਨ ਧਰਮ ਮੰਦਰ ਵਿਚ ਹੀ ਜੋਤਾਂ ਜਾਗੇ ਆਦਿ ਗਾਇਨ ਕਰਦੇ ਕਰਦੇ ਵਿਦਿਆਲਾ ਦੇ ਮੈਨੇਜਰ ਮਾਸਟਰ ਈਸ਼ਰ ਸਿੰਘ ਜੀ ਦੇ ਸੰਪਰਕ ਵਿਚ ਆ ਗਏ। ਮਾਸਟਰ ਜੀ ਦੀ ਪ੍ਰੇਰਨਾ ਨਾਲ ਆਪ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਸੰਗੀਤ ਵਿਦਿਆ ਤੇ ਕੀਰਤਨ ਸਿਖਾਉਣ ਲਈ ਅਧਿਆਪਕ ਲਗ ਗਏ। ਖਾਲਸਾ ਪ੍ਰਚਾਰਕ ਵਿਦਿਆਲੇ ਦੇ ਸੰਗੀਤ ਮਾਸਟਰ ਦੀ ਡਿਊਟੀ ਲੈਣ ਤੇ ਆਪ ਜੀ ਨੇ ਬਹੁਤ ਬਾਣੀ ਕੰਠ ਕੀਤੀ। ਸਮੇਂ ਸਮੇਂ ਦੇ ਰਾਗਾਂ ਅਨੁਸਾਰ ਗੁਰਬਾਣੀ ਦਾ ਕੀਰਤਨ, ਚੌਕੀਆਂ ਦਾ ਅਭਿਆਸ ਕੀਤਾ। ਆਪ ਜੀ ਦਾ ਨਾਮ ਚੰਗੇ-ਚੰਗੇ ਕੀਰਤਨੀਆਂ ਤੇ ਗਵੱਈਆਂ ਵਿਚ ਗਿਣਿਆ ਜਾਣ ਲਗਾ।

ਪੰਡਤ ਜੀ ਨੇ ਮੁਢ ਵਿਚ ਸੰਸਕ੍ਰਿਤ ਤੇ ਸੰਗੀਤ ਵਿਦਿਆ ਆਪਣੇ ਵੂਵੜ ਪਿੰਡ ਮਹਿਦਪੁਰ ਤੋਂ ਪ੍ਰਾਪਤ ਕੀਤੀ। ਉਪਰੰਤ ਪਟਿਆਲੇ ਦੇ ਪ੍ਰਸਿਧ ਰਾਜ ਗੁਰੂ ਤੋਂ ਵੀ ਸਿਖਕੇ ਗਾਇਕੀ ਵਿਚ ਵਾਧਾ ਕੀਤਾ।

ਪੰਡਤ ਜੀ ਦੀ ਸਾਰੀ ਆਯੂ ਵਿਦਿਆਲੇ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਕੀਰਤਨ ਦੀ ਦਾਤ ਦੇਣ ਵਿਚ ਹੀ ਬਤੀਤ ਹੋਈ ਤੇ ਉਹਨਾਂ ਪਾਸੋਂ ਸਿਖ ਕੇ ਸੈਕੜੇ ਜਥੇ ਤਿਆਰ ਹੋਏ। ਇਸ ਵਿਦਿਆਲੇ ਦੇ ਹੀ ਵਿਦਿਆਰਥੀ ਸਿੰਘਾਪੁਰ, ਮਲਾਇਆ ਤੇ ਹੋਰ ਟਾਪੂਆਂ ਤਕ ਪੁਜੇ। ਬਸ ਦੇਸ਼ ਤੇ ਪ੍ਰਦੇਸ਼ ਵਿਚ ਪੰਡਤ ਜੀ ਦੇ ਹੀ ਸ਼ਾਗਿਰਦ ਆਹਲਾ ਕੀਰਤਨ ਜਥਿਆਂ ਦੀ ਸ਼ਕਲ ਵਿਚ ਵਿਚਰਨ ਲਗੇ। ਪੰਡਤ ਜੀ ਦਾ ਜਥਾ ਜਿਸ ਵਿਚ ਪਖਾਵਜੀ ਪ੍ਰਸਿਧ ਮਾਸਟਰ ਸੰਤਾ ਸਿੰਘ ਜੀ ਸ਼ਾਮਲ ਸਨ ਬਹੁਤ ਪ੍ਰਸਿਧ ਸੀ ਤੇ ਦੂਰੋਂ-ਦੂਰੋਂ ਉਹਨਾਂ ਦੀ ਮੰਗ ਕੀਤੀ ਜਾਂਦੀ ਸੀ। ਗੁਰਪੁਰਬਾਂ ਤੇ ਕਈ-ਕਈ ਥਾਵਾਂ ਤੋਂ ਮੰਗ ਆਉਂਦੀ ਪਰ ਬਹੁਤਿਆਂ ਨੂੰ ਨਿਰਾਸ ਹੋਣਾ ਪੈਂਦਾ।

ਆਪ ਜੀ ਬਹੁਤ ਸੁਰੀਲੇ, ਬੁਲੰਦ ਆਵਾਜ਼ ਦੇ ਮਾਲਕ ਸਨ ਤੇ ਧਰੁਪਦ ਗਾਇਨ ਵਿਚ ਉਹਨਾਂ ਦਾ ਮੁਕਾਬਲਾ ਨਹੀਂ ਸੀ। ਤਾਨਪੂਰੇ ਦੀਆਂ ਤਾਰਾਂ ਛਿੜਨ ਤੇ ਐਸਾ ਵਜਦ ਵਿਚ ਆਉਂਦੇ ਤੇ ਨਾਲ ਮਾਸਟਰ ਸੰਤਾ ਸਿੰਘ, ਮਾਸਟਰ ਅਰਜਨ ਸਿੰਘ ਦੇ ਸਾਥ ਤੋਂ ਉਹ ਰੰਗ ਬੱਝਦਾ ਕਿ ਮਾਨੋ ਦੇਵ ਪੁਰੀ ਦੇ ਦੇਵਤੇ ਗਾਇਨ ਕਰ ਰਹੇ ਹਨ। ਜਲੰਧਰ ਦਾ ਹਰਬਲਭ ਮੇਲਾ ਉਹਨਾਂ ਦੇ ਪੁਜਣ ਨਾਲ ਖੂਬ ਮੱਘਦਾ ਸੀ। ਪੰਡਤ ਕ੍ਰਿਸ਼ਨਾ ਰਾਉ ਗਵਾਲੀਅਰ ਤੇ ਹੋਰ ਭਾਰਤੀ ਸੰਗੀਤ ਸ਼ਾਸਤਰੀ ਪੰਡਤ ਜੀ ਦਾ ਖਾਸ ਸਤਿਕਾਰ ਕਰਦੇ ਸਨ। ਹਰ ਸਾਲ ਪੰਡਤ ਜੀ ਸਨਮਾਨਤ ਹੁੰਦੇ ਤੇ ਕਈ ਤਰ੍ਹਾਂ ਦੇ ਇਨਾਮ ਲੈ ਕੇ ਮੁੜਦੇ।

ਭਾਈ ਬ੍ਰਹਮ ਸਿੰਘ ਪ੍ਰਸਿਧ ਪਖਾਵਜੀ ਜਥਾ ਭਾਈ ਪੂਰਨ ਸਿੰਘ ਰਾਗੀ ਤਰਨਤਾਰਨ ਨੇ ਦਸਿਆ ਕਿ ਮੈਂ 1935 ਵਿਚ ਇਸੇ ਵਦਿਆਲੇ ਵਿਚ ਤਲਬਾ ਮਾਸਟਰ ਅਰਜਨ ਸਿੰਘ ਤਰੰਗੜ ਤੋਂ ਸਿਖਿਆ ਹਾਂ। ਓਦੋ ਪੰਡਤ ਜੀ ਪੂਰੀ ਜਵਾਨੀ ਵਿਚ ਸਨ। ਦੂਰੋ-ਦੂਰੋ ਕਸ਼ਮੀਰ, ਪੋਠੋਹਾਰ, ਸਰਹੱਦ, ਪਿਸ਼ਾਵਰ ਤੋਂ ਕੀਰਤਨ ਸਿਖਣ ਤੇ ਗੁਰਮਤ ਦੀ ਪੜ੍ਹਾਈ ਕਰਨ ਲਈ ਵਿਦਿਆਰਥੀ ਪੁਜਦੇ ਸਨ। ਇਸ ਸਮੇਂ ਸੌ-ਸੌ ਵਿਦਿਆਰਥੀ ਵਿਦਿਆਲੇ ਵਿਚ ਹੀ ਰਹਾਇਸ਼ ਰਖਕੇ ਲੰਗਰ ਚੋਂ ਪ੍ਰਸਾਦਿ ਛਕ ਕੇ ਪੰਡਤ ਜੀ ਤੋਂ ਲਾਭ ਪ੍ਰਾਪਤ ਕਰਦੇ ਦੋ ਸਾਲ ਦਾ ਕੋਰਸ ਕਰਕੇ ਕੀਰਤਨ ਕਰਨ ਯੋਗ ਹੋ ਜਾਂਦੇ ਹਨ।

ਭਾਈ ਬਿਸ਼ਨ ਸਿੰਘ ਅਜੋਕੇ ਸੰਗੀਤ ਮਾਸਟਰ ਜੀ ਨੇ ਦਸਿਆ ਕਿ ਮੈਂ 1951 ਵਿਚ ਪੰਡਤ ਜੀ ਦਾ ਸ਼ਿਸ਼ ਬਣਿਆ। ਪਹਿਲਾਂ ਬਿਲਕੁਲ ਸਧਾਰਨ ਕੀਰਤਨ ਕਰਿਆ ਕਰਦਾ ਸਾਂ ਪਰ ਪੰਡਤ ਜੀ ਨੇ ਬਹੁਤ ਥੋੜੇ ਸਮੇਂ ਵਿਚ ਅਜਿਹੇ ਗੁਰ ਸਮਝਾਏ ਲੈ ਡਾਰ ਦਮਾਗ ਵਿਚ ਬਿਠਾਈ ਕਿ ਸਾਰੀ ਉਮਰ ਸ੍ਰੋਮਣੀ ਕਮੇਟੀ ਦੇ ਅਧੀਨ ਦਰਬਾਰ ਸਾਹਿਬ ਤਰਨਤਾਰਨ ਵਿਚ ਕੀਰਤਨ ਦੀ ਸੇਵਾ ਨਿਭਾ ਕੇ ਹੁਣ ਖਾਲਸਾ ਪ੍ਰਚਾਰਕ ਵਿਦਿਆਲਾ ਵਿਚ ਸੰਗੀਤ ਮਾਸਟਰ ਦੀ ਡਿਊਟੀ ਸੰਭਾਲੀ ਹੋਈ ਹੈ।

ਸ੍ਰੀ ਸਚਖੰਡ ਹਜ਼ੂਰ ਸਾਹਿਬ ਲਈ ਜਥਾ ਭਾਈ ਸਰਦੂਲ ਸਿੰਘ ਆਦਿ ਤਿਨਾਂ ਸਿਖਿਆਰਥੀਆ ਦਾ ਤਿਆਰ ਕਰਕੇ ਭੇਜਿਆ ਜੋ ਪੱਕੇ ਤੌਰ ਤੇ ਕੀਰਤਨ ਦੀ ਸੇਵਾ ਕਰ ਰਿਹਾ ਹੈ।

ਪ੍ਰਸਿਧ ਵਿਦਵਾਨ ਗਿ: ਹਰਦਿੱਤ ਸਿੰਘ ਜੀ ਵਿਦਿਆਲਾ ਰਕਾਬ ਗੰਜ ਦਿਲੀ ਵਾਲੇ ਜਿਨ੍ਹਾਂ ਨੇ ਯੂ-ਪੀ ਵਿਚ ਸਿੱਖ ਧਰਮ ਦਾ ਬਹੁਤ ਨਿਗਰ ਪ੍ਰਚਾਰ ਕੀਤਾ ਤੇ ਸੈਂਕੜੇ ਵਿਦਿਆਰਥੀਆਂ ਨੂੰ ਕੀਰਤਨ ਦੀ ਦਾਤ ਬਖ਼ਸ਼ੀ, ਆਪ ਜੀ ਦੇ ਹੀ ਸ਼ਿਸ਼ ਸਨ।

ਇਸ ਤਰ੍ਹਾਂ ਆਪ ਜੀ ਦੇ ਸ਼ਗਿਰਦਾਂ ਨੇ ਵੀ ਚੰਗੀਆਂ-ਚੰਗੀਆਂ ਮੱਲਾਂ ਮਾਰੀਆਂ ਤੇ ਨਾਮਣੇ ਖਟੇ।

ਜੇ ਪੰਡਤ ਜੀ ਦੇ ਸ਼ਗਿਰਦਾਂ ਦੀ ਗਿਣਤੀ ਕਰਨ ਲਗੀਏ ਤਾਂ ਇਹ ਹਜ਼ਾਰਾਂ ਤਕ ਪੁਜ ਸਕਦੀ ਹੈ। ਉਸ ਵੇਲੇ ਦੇ ਹਰ ਕੀਰਤਨੀਏ ਤੇ ਪੰਡਤ ਜੀ ਦੀ ਸ਼ੈਲੀ ਦੀ ਮੋਹਰ ਛਾਪ ਸਾਫ ਨਜ਼ਰ ਆਉਂਦੀ ਸੀ।

ਆਪ ਜੀ ਦਾ ਚਲਾਣਾ 1971 ਵਿਚ ਹੋਇਆ। ਅੰਤਮ ਸਮੇਂ ਤਕ ਵਿਦਿਆਲੇ ਦੇ ਪ੍ਰਬੰਧਕਾ ਤੇ ਹੋਰ ਸਟਾਫ ਨੇ ਆਪ ਜੀ ਦੀ ਵਧ ਤੋਂ ਵਧ ਸੇਵਾ ਕੀਤੀ।

ਅੰਮ੍ਰਿਤ-ਕੀਰਤਨ ਵਿਚ ਕੀਰਤਨੀਆਂ ਦੀਆਂ ਜੀਵਨੀਆਂ ਛਪਵਾਉਣ
ਲਈ ਹੇਠ ਲਿਖੇ ਅਨੁਸਾਰ ਲਿਖ ਕੇ ਭੇਜਿਆ ਜਾਵੇ।

# ਜੀਵਨ ਬਿਊਰਾ

1. ਨਾਮ
2. ਪਿਤਾ ਦਾ ਨਾਂ
3. ਜਨਮ ਮਿਤੀ
4. ਜਨਮ ਸਥਾਨ
5. ਪਿਤਾ ਦਾ ਕੰਮਕਾਰ
6. ਵਿਦਿਅਕ ਯੋਗਤਾ
7. ਸਕੂਲ ਕਾਲਜ ਦਾ ਨਾਂ
8. ਕੀਰਤਨ ਸਬੰਧੀ ਯੋਗਤਾਵਾਂ

(ੳ) ਸੰਗੀਤ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ਹੈ ? (ਅ) ਸੰਗੀਤ ਸਿੱਖਿਆ ਕਿਥੋਂ ਪ੍ਰਾਪਤ ਕੀਤੀ ?
(ੲ) ਸੰਗੀਤ ਸਿੱਖਿਆ ਕਿਸ ਕੋਲੋਂ ਪ੍ਰਾਪਤ ਕੀਤੀ ? (ਸ) ਕਿੰਨੀ ਦੇਰ ਤੱਕ ਸੰਗੀਤ ਸਿੱਖਿਆ ਲਈ ?
(ਹ) ਸਿੱਖਿਆ ਦੌਰਾਨ ਕੋਈ ਵਿਸ਼ੇਸ਼ ਪ੍ਰਾਪਤੀ (ਕ) ਟਕਸਾਲ ਜਾਂ ਵਿਦਿਆਲੇ ਦਾ ਨਾਂ ?

9. ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਸ਼ੁਰੂ ਕੀਤਾ ?
10. ਇਸ ਤੋਂ ਪਹਿਲਾਂ ਕਿਸ ਰਾਗੀ ਜੱਥੇ ਵਿਚ ਸਹਾਇਕ ਰਾਗੀ ਵਜੋਂ ਕੀਰਤਨ ਕੀਤਾ ?
11. ਕੀਰਤਨੀਏ ਵਜੋਂ ਕਿਥੇ ਨੌਕਰੀ ਕੀਤੀ ? ਪ੍ਰਾਪਤ ਹੋਏ ਪ੍ਰਸ਼ੰਸਾ ਪੱਤਰ ਅਤੇ ਵਿਸ਼ੇਸ਼ ਸਨਮਾਨ ?
12. ਕਿੰਨੀ ਦੇਰ ਤੋਂ ਸੁਤੰਤਰ ਤੌਰ ਤੇ ਆਪਣਾ ਜਥਾ ਹੈ। ਜਥੇ ਦੇ ਸਾਰੇ ਮੈਂਬਰਾਂ ਦੇ ਨਾਂ ਅਤੇ ਜਥੇ ਦੀ ਫੋਟੋ ?
13. ਸੁਤੰਤਰ ਰੂਪ ਵਿਚ ਕੀਰਤਨ ਕਰਦਿਆਂ ਪ੍ਰਾਪਤ ਸਨਮਾਨ ਦਾ ਵੇਰਵਾ ? 14. ਕਿੰਨੇ ਸ਼ਬਦ ਜ਼ਬਾਨੀ ਯਾਦ ਹਨ ?
15. ਕਿੰਨੇ ਰਾਗਾਂ ਅਤੇ ਤਾਲਾਂ ਵਿਚ ਕੀਰਤਨ ਕਰ ਸਕਦੇ ਹੋ ?
16. ਕਿੰਨੀਆਂ ਵਾਰਾਂ ਦਾ ਗਾਇਨ ਕਰ ਸਕਦੇ ਹੋ ?
17. ਕੀ ਰੇਡੀਉ ਵਿਸ਼ੇਸ਼ ਜਾਂ ਟੈਲੀਵੀਜ਼ਨ ਤੇ ਕੀਰਤਨੀਏ ਵਜੋਂ ਪ੍ਰਮਾਣਿਤ ਹੋ ? ਕਿੰਨੀ ਵਾਰ ਮੌਕਾ ਮਿਲਿਆ ਹੈ ?
18. ਕਿਹੜੇ-ਕਿਹੜੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਅਤੇ ਕਿੱਥੇ-ਕਿੱਥੇ ਕੀਰਤਨ ਕੀਤਾ ਹੈ ?
19. ਕੀ ਵਿਦੇਸ਼ਾਂ ਵਿਚ ਕੀਰਤਨ ਕਰਨ ਗਏ ਹੋ ? ਉਹਨਾਂ ਦੇਸ਼ਾਂ ਦੇ ਨਾਂ ਅਤੇ ਰਹਿਣ ਦਾ ਸਮਾਂ ਦਸੋ ? ਉਥੋਂ ਪ੍ਰਾਪਤ ਹੋਇਆ ਕੋਈ ਪ੍ਰਸ਼ੰਸਾ ਪੱਤਰ ਜਾਂ ਸਨਮਾਨ ?
20. ਤੁਹਾਡੇ ਗ੍ਰਾਮੋ-ਫੋਨ ਰਿਕਾਰਡ/ਕੈਸੇਟ ਟੇਪਾਂ ਦੇ ਨੰਬਰ ਅਤੇ ਕੰਪਨੀ ਦਾ ਨਾਂ ?
21. ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੌਕ ਇਸ ਵਿਚ ਕੋਈ ਵਿਸ਼ੇਸ਼ ਪਰਾਪਤੀ ?
22. ਤੁਹਾਡੇ ਵਲੋਂ ਦਿੱਤੀ ਗਈ ਕੀਰਤਨ ਸਿਖਲਾਈ ਦਾ ਵੇਰਵਾ ?
23. ਕੀਰਤਨ ਨਾਲ ਸੰਬਧਿਤ ਤੁਹਾਡੇ ਜੀਵਨ ਦੀ ਕੋਈ ਵਰਨਣ ਯੋਗ ਘਟਨਾ ?
24. ਕੀਰਤਨ ਬਾਰੇ ਤੁਹਾਡੇ ਆਪਣੇ ਵਿਚਾਰ ਕੀ ਹਨ ?
25. ਵਰਤਮਾਨ ਕੀਰਤਨ ਪਰੰਪਰਾ ਬਾਰੇ ਵਿਚਾਰ ?
26. ਵਰਤਮਾਨ ਕੀਰਤਨਕਾਰਾਂ ਬਾਰੇ ਵਿਚਾਰ ?
27. ਤੁਹਾਡੇ ਵਿਚਾਰ ਅਨੁਸਾਰ ਗੁਰਮਤਿ ਸੰਗੀਤ ਦੀ ਸਹੀ ਪਰੰਪਰਾ ਦਾ ਵਿਚਾਰ ਕਿਵੇਂ ਹੋਣਾ ਚਾਹੀਦਾ ਹੈ ?
28. ਅਜਿਹੇ ਕੀਰਤਨੀਆਂ ਜਾਂ ਸੰਗੀਤਕਾਰਾਂ ਦੇ ਨਾਂ ਦਸੋ ਜਿਹਨਾਂ ਨੇ ਤੁਹਾਨੂੰ ਪ੍ਰਭਾਵਿਤ ਕੀਤਾ ਹੋਵੇ ?
29. ਗੁਰਮਤਿ ਸੰਗੀਤ ਸੰਬੰਧ ਕੋਈ ਖੋਜ ਭਰਪੂਰ ਜਾਣਕਾਰੀ ?
30. ਕੋਈ ਹੋਰ ਵੇਰਵਾ ਜੋ ਤੁਸੀਂ ਦੇਣਾ ਚਾਹੁੰਦੇ ਹੋ ?

ਐਡਰਸ

ਦਸਤਖਤ

# ਰਾਗ ਬਸੰਤ

ਪ੍ਰਿੰਸੀਪਲ ਦਿਆਲ ਸਿੰਘ

| | | |
|---|---|---|
| ਵਾਦੀ—ਤਾਰ (ਸੰ) | ਠਾਟ—ਪੂਰਵੀ | ਸਮਾਂ—ਰਾਤ ਚੌਥਾ ਪਹਿਰ (ਬਸੰਤ-ਰੁਤ ਵਿਚ ਹਰ ਸਮੇਂ) |
| ਸੰਵਾਦੀ—ਪ | ਜਾਤੀ—ਵੱਕ੍ਰ-ਸੰਪੂਰਣ | ਵਿਸ਼ੇਸ਼—ਦੋਵੇਂ ਮੱਧਮ ਤੇ ਲਲਿਤ ਅੰਗ। |

ਆਰੋਹ—ਸ ਗ, ਮੇ ਧੁ ਰੁਂ, ਸੰ।

ਅਵਰੋਹ—ਰੁਂ ਨ ਧੁ, ਪ, ਮੇਗ ਮsਗ, ਗ ਮੇ ਧੁ ਗ, ਗਮੇ ਰੁ ਸ।

ਪਕੜ—ਮੇ ਧੁ, ਰੁਂ—ਸੰ, ਰੁਂ ਨ ਧੁ, ਪ—(ਪ) ਮੇਗ ਮੇsਗ।

## ਤਿੰਨ ਤਾਲ (ਮੱਧਮ ਲਯ)

**ਬਸੰਤੁ ਚੜਿਆ ਫੂਲੀ ਬਨਰਾਇ ॥**
**ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥**
**ਇਨਿ ਬਿਧਿ ਇਹੁ ਮਨੁ ਹਰਿਆ ਹੋਇ ॥**
**ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥ ੧ ਰਹਾਉ ॥**
**ਸਤਿਗੁਰ ਬਾਣੀ ਸਬਦੁ ਸੁਣਾਏ ॥**
**ਇਹੁ ਜਗੁ ਹਰਿਆ ਸਤਿਗੁਰ ਭਾਏ ॥ ੨ ॥**
**ਫਲ ਫੂਲ ਲਾਗੇ ਜਾਂ ਆਪੇ ਲਾਏ ॥**
**ਮੂਲਿ ਲਗੈ ਤਾਂ ਸਤਿਗੁਰੁ ਪਾਏ ॥ ੩ ॥**
**ਆਪਿ ਬਸੰਤੁ ਜਗਤੁ ਸਭੁ ਵਾੜੀ ॥**
**ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥ ੪ ॥**

(ਬਸੰਤ ਮ: ੩, ਪੰਨਾ ੧੧੭੭)

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 0 | | | | ੨ | | | | × | | | | ੩ | | | |
| (ਸੰ) | — | ਨਧੁ | -ਧੁ | ਪ | ਪ | ਮੇ | ਗ | ਮੇ | ਧ | ਨ | ਸੰ | ਰੁਂ | — | ਸੰ | — |
| ਬ | s | ਸੰs | sਤ | ਚ | ੜਿ | ਆ | s | ਫੂ | ਲੀ | ਬ | ਨ | ਰਾ | s | ਇ | s |
| | | | | | | ਗ | | ਧੁ | | | | | | | |
| | | | | | | ਗ | | ਮੰ | ਮੰ | | | | | | |
| (ਸੰ) | — | ਨਧੁ | -ਧੁ | ਪ | ਪ | ਮੇ | ਗ | ਗ | ਗ | ਧੁ | ਮੇ | ਗ | ਰੁ | ਸ | — |
| ਬ | s | ਸੰs | sਤ | ਚ | ੜਿ | ਆ | s | ਫੂ | ਲੀ | ਬ | ਨ | ਰਾ | s | ਇ | s |
| ਸ | ਸ | ਮ | ਮ | ਮ | ਮ | ਮੰ | ਮ | ਗ | ਗ | ਮੇ | ਧੁ | ਰੁਂ | — | ਸੰ | — |
| ਏ | ਹਿ | ਜੀ | ਅ | ਜੰ | ਤ | ਫੂ | ਲਹਿ | ਹ | ਰਿ | ਚਿ | ਤ | ਲਾ | s | ਇ | s |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | ਧੁ | | | | | | | | ਸੰ | | | | | | |
| — | ਮੇ | ਧੁ | ਮੇਧੁ | ਸੰ | ਸੰ | ਸੰ | ਸੰ | — | ਨ | ਸੰ | ਸੰ | ਰੁਂ | — | ਸੰ | — |
| s | ਇਨ | ਬਿ | ਧs | ਇ | ਹੁ | ਮ | ਨ | s | ਹ | ਰਿ | ਆ | ਹੋ | s | ਇ | s |
| — | ਹਰਿ | ਹ | ਰਿs | ਨਾ | s | ਮ | s | s | ਜ | ਪੈ | ਦਿਨ | ਰਾ | s | ਤੀ | s |
| | | | | | | | | | | | | ਨ | | | |
| — | ਗੰ | ਗੰ | ਮੰ | ਗੰ | ਰੁਂ | ਸੰ | - | — | ਨ | ਸੰ | ਰੁਂ | ਧੁ | — | ਪ | -ਧੁ |
| s | ਗੁਰ | ਮੁ | ਖ | ਹਉ | s | ਮੈ | s | s | s | s | ਢੈ | ਧੋ | s | ਇ | ss |

—ਸ਼ਬਦ ਦੀਆਂ ਬਾਕੀ ਦੋ ਦੋ ਤੁਕਾਂ ਅੰਤਰੇ ਤੇ ਲਾਓ।

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ। |
| ਮੇ | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲ ਹੋਣ ਉਹਨਾਂ ਸਾਰਿਆਂ ਨੂੰ ਇਕ ਮਾਤਰਾ ਵਿਚ ਗਾਉਣਾ ਹੈ। |

**XO 123** Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।

## ਸੁਰਾਂ: ਕੋਮਲ ਅਤੇ ਤੀਵਰ

**ਕੋਮਲ ਸੁਰਾਂ: ਰੇ ਗ ਧ ਨੀ      ਤੀਵਰ ਸੁਰ: ਮ**

**ਨੋਟ: ਸੁਰਾਂ ਦੀ ਗਿਆਤ ਸੁਖੈਨ ਕਰਨ ਲਈ ਨੰਬਰ ੧ ਤੋਂ ੧੨ ਲਗਾਏ ਹਨ**



# ਡਾ: ਜਾਗੀਰ ਸਿੰਘ ਜੀ ਦਾ ਕੀਰਤਨ ਪ੍ਰੋਗਰਾਮ

**8 ਜਨਵਰੀ 1996**

ਸਵੇਰੇ 9—30 ਤੋਂ 10 30 ਵਜੇ ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼-8 ਮੁਹਾਲੀ

**13 ਜਨਵਰੀ 1996**

ਸਵੇਰੇ 10-30 ਤੋਂ 11-30 ਵਜੇ ਕੋਠੀ ਨੰ: 928, ਫੇਜ਼ 3-ਬੀ-2, ਮੁਹਾਲੀ

**14 ਜਨਵਰੀ 1996**

ਸਵੇਰੇ 10—30 ਤੋਂ 11—30 ਵਜੇ 35/1 ਬੀ. ਮਾਡਲ ਗਰਾਮ ਲੁਧਿਆਣਾ

**21 ਜਨਵਰੀ 1996**

ਸਵੇਰੇ 10—30 ਤੋਂ 11 30 ਵਜੇ ਕੋਠੀ ਨੰਬਰ 28 ਸੈਕਟਰ 19 ਏ ਚੰਡੀਗੜ੍ਹ

**28 ਜਨਵਰੀ 1996**

ਸਵੇਰੇ 10 ਵਜੇ ਤੋਂ 11 ਵਜੇ ਕੋਠੀ ਨੰਬਰ 155 ਸੈਕਟਰ 38 ਏ ਚੰਡੀਗੜ੍ਹ

**1 ਅਤੇ 2 ਫਰਵਰੀ 1996**

1 ਤੋਂ 2 ਵਜੇ ਦਿਨੇ ਗੁਰਦੁਆਰਾ ਅੰਬ ਸਾਹਿਬ ਫੇਜ 8 ਮੁਹਾਲੀ

ਪੁੱਛ ਗਿੱਛ ਲਈ :—ਡਾ. ਜਾਗੀਰ ਸਿੰਘ, 422, ਸੈਕਟਰ 15-ਏ, ਚੰਡੀਗੜ੍ਹ

ਫੋਨ : 0172—772660